ਸੰਮਤ: ੫੫੭ ਨਾਨਕਸ਼ਾਹੀ
ਸਾਕਾ: ੨੨੦
Weekly Paper
ਸਪਤਾਹਕ ਪਤਰ

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ ॥

# ਖ਼ਾਲਸਾ ਅਖ਼ਬਾਰ

੨੯ ਅੱਸੂ ਸੰਨ ੨੦੨੫ Monday, 13 October

ਮੁੱਖ ਸੰਪਾਦਕ
ਗਿਆਨੀ ਗੁਰਜੀਤ ਸਿੰਘ ਪਟਿਆਲਾ
ਸੰਪਾਦਕ: ਗੁਰਪ੍ਰੀਤ ਸਿੰਘ
ਉਪ ਸੰਪਾਦਕ: ਮੇਜਰ ਸਿੰਘ
ਅੰਗਰੇਜ਼ੀ ਸੰਪਾਦਿਕਾ: ਮਨਪ੍ਰੀਤ ਕੌਰ

www.khalsaakhbbar.com ਸੰਪਰਕ: +44 7491374913 khalsaakhbaar@gmail.com editor@khalsaakhbaar.com

ਵਿਚਾਰਨਯੋਗ ਭਖਦਾ ਮਸਲਾ:

## ਕੀ ਸਾਡੇ ਲੋਕ ਰਾਜਵੀਰ ਜਵੰਦੇ ਦੀ ਮੌਤ ਤੋਂ ਕੁਝ ਸਿੱਖਣਗੇ ਜਾਂ ਨਹੀਂ ?

**ਸ. ਜਸਕਰਨ ਸਿੰਘ**

ਰਾਜਵੀਰ ਸਿੰਘ ਜਵੰਦਾ ਦੀ ਮੌਤ ਨਾਲ ਮਨ ਨੂੰ ਦੁੱਖ ਪਹੁੰਚਿਆ। ਉਸਦਾ ਪਹਿਲਾ ਗੀਤ ਮੈਂ ਇਮਗ੍ਰੇਟ ਸੁਣਿਆ ਸੀ, ਜਿਸ ਵਿੱਚ ਉਹ ਪੰਜਾਬੀਆਂ ਨੂੰ ਹੋਕਾ ਦਿੰਦਾ ਹੈ ਕਿ ਆਪਾਂ ਪੱਕੇ ਪੈਰੀਂ ਜਾਂ ਸਦਾ ਲਈ ਪੰਜਾਬ ਨੂੰ ਛੱਡ ਕੇ ਨਾ ਜਾਈਏ। ਉਸ ਦੇ ਹੋਰ ਗੀਤ ਵੀ ਸੁਣੇ, ਉਸ ਦੀ ਗਾਇਕੀ ਚੰਗੀ ਸੀ। ਉਸ ਦੀ ਮੌਤ ਦਾ ਕਾਰਨ ਮੋਟਰ ਸਾਈਕਲ ਉੱਤੇ ਜਾਂਦੇ ਸਮੇਂ ਅਵਾਰਾ ਪਸ਼ੂਆਂ ਨਾਲ ਟਕਰਾਉਣ ਕਾਰਨ ਸੱਟ ਦੱਸਿਆ ਗਿਆ ਹੈ। ਅਵਾਰਾ ਪਸ਼ੂਆਂ ਦੇ ਸੈਂਕੜੇ ਹੀ ਲੋਕ ਰੋਜ਼ਾਨਾ ਸ਼ਿਕਾਰ ਹੋ ਰਹੇ ਹਨ ਅਤੇ ਕਈ ਘਰਾਂ ਦੇ ਦੀਵੇ ਬੁਝ ਰਹੇ ਹਨ। ਬੀਤੀ 28 ਅਗਸਤ ਨੂੰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਜੀਜਾ ਜੀ ਸ. ਗੁਰਵਿੰਦਰ ਸਿੰਘ ਜੋ ਕਿ ਪੰਜਾਬ ਪੁਲਿਸ ਦੇ ਅਧਿਕਾਰੀ ਸਨ, ਉਹ ਵੀ ਅਜਿਹੇ ਹੀ ਇੱਕ ਸੜਕ ਹਾਦਸੇ ਕਾਰਨ ਚਲਾਣਾ ਕਰ ਗਏ ਸਨ ਜਦੋਂ ਉਨ੍ਹਾਂ ਦੇ ਮੋਟਰ ਸਾਈਕਲ ਵਿੱਚ ਇੱਕ ਅਵਾਰਾ ਗਾਂ ਵੱਜੀ ਸੀ।

ਪੰਜਾਬ ਅੰਦਰ ਸਰਕਾਰ ਲੋਕਾਂ ਕੋਲੋਂ ਗਊ ਸੈੱਸ ਵਸੂਲਦੀ ਹੈ, ਲੇਕਿਨ ਅਵਾਰਾ ਪਸ਼ੂਆਂ ਕਾਰਨ ਹੋਈਆਂ ਮੌਤਾਂ ਦੀ ਜ਼ਿੰਮੇਵਾਰੀ ਕਿਸਦੀ ਹੈ। ਇਹ ਗਊ ਸੈੱਸ ਅਵਾਰਾ ਪਸ਼ੂਆਂ ਦੀ ਸਾਂਭ ਸੰਭਾਲ ਲਈ ਕਿੱਥੇ, ਕਿਵੇਂ ਅਤੇ ਕਦੋਂ ਵਰਤਿਆ ਜਾਂਦਾ ਹੈ, ਇਸ ਬਾਰੇ ਜਨਤਕ ਮੰਚ ਉੱਤੇ ਬਹੁਤ ਘੱਟ ਜਾਣਕਾਰੀ ਹੈ। ਜੇਕਰ ਕਿਸੇ ਪਰਿਵਾਰ ਦਾ ਜੀ ਗਾਂ, ਸਾਂਢ ਜਾਂ ਕਿਸੇ ਹੋਰ ਅਵਾਰਾ ਪਸ਼ੂ ਦਾ ਸ਼ਿਕਾਰ ਹੁੰਦਾ ਹੈ ਤਾਂ ਉਸ ਦੇ ਪਿੱਛੇ ਰਹਿੰਦੇ ਪਰਿਵਾਰ ਦੀ ਸਰਕਾਰ ਕਿਵੇਂ ਮਦਦ ਕਰਦੀ ਹੈ ਜਾਂ ਉਨ੍ਹਾਂ ਦਾ ਸਹਾਰਾ ਕੌਣ ਬਣਦਾ ਹੈ।

ਜੇਕਰ ਕੋਈ ਪਰਿਵਾਰ ਅਜਿਹੇ ਮਾਮਲਿਆਂ ਵਿੱਚ ਅਦਾਲਤ ਅੰਦਰ ਨਾ ਪੂਰਾ ਹੋਣ ਵਾਲੇ ਮੌਤ ਜਿਹੇ ਨੁਕਸਾਨ ਦੇ ਮੁਆਵਜ਼ੇ ਦਾ ਕੇਸ ਪਾ ਵੀ ਦਵੇ ਤਾਂ ਸ਼ਾਇਦ ਕਈ ਸਾਲਾਂ ਦੀ ਕਾਨੂੰਨੀ ਮੁਸ਼ੱਕਤ ਤੋਂ ਬਾਅਦ ਉਨ੍ਹਾਂ ਨੂੰ ਕੁਝ ਮਿਲਦਾ ਹੋਵੇ ਪਰ ਉਦੋਂ ਤੱਕ ਵਕੀਲਾਂ ਦੀਆਂ ਫ਼ੀਸਾਂ, ਅਦਾਲਤਾਂ ਦੇ ਖੱਜਲ ਖੁਆਰੀ ਜਾਂ ਬਾਅਦ ਵਿੱਚ ਵਕੀਲਾਂ ਦਾ ਕਮਿਸ਼ਨ ਸਹਿਣਾ ਪੈਂਦਾ ਹੈ। ਪਰ ਕੀ ਮੁਆਵਜ਼ਾ ਜਾ ਚੁੱਕੇ ਜੀ ਦੀ ਭਰਪਾਈ ਕਰ ਸਕਦਾ ਹੈ।

ਇਸ ਲਈ ਸਾਡੇ ਲੋਕਾਂ ਨੂੰ ਅਜਿਹੀਆਂ ਘਟਨਾਵਾਂ ਤੋਂ ਸਿੱਖਣ ਅਤੇ ਅਵਾਰਾ ਪਸ਼ੂਆਂ ਦੇ ਮਸਲੇ ਉੱਤੇ ਸੰਗਠਤ ਹੋ ਕੇ ਅਵਾਜ਼ ਉਠਾਉਣੀ ਚਾਹੀਦੀ ਹੈ। ਸਰਕਾਰਾਂ ਜਦੋਂ ਲੋਕਾਂ ਕੋਲੋਂ ਸੈੱਸ ਵਸੂਲ ਰਹੀਆਂ ਹਨ ਤਾਂ ਇਹ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਅਵਾਰਾ ਪਸ਼ੂਆਂ ਦਾ ਸਹੀ ਬੰਦੋਬਸਤ ਕੀਤਾ ਜਾਵੇ ਨਾ ਕਿ ਉਨ੍ਹਾਂ ਨੂੰ ਸੜਕਾਂ ਉੱਤੇ ਚਲਦੇ ਫਿਰਦੇ ਬੰਬ ਬਣਨ ਦਿੱਤਾ ਜਾਵੇ। ਉਨ੍ਹਾਂ ਲੋਕਾਂ ਦੀ ਵੀ ਜ਼ਿੰਮੇਵਾਰੀ ਤੈਅ ਹੋਣੀ ਚਾਹੀਦੀ ਹੈ ਜੋ ਗਾਵਾਂ ਨਕਾਰਾ ਹੋ ਜਾਣ ਉੱਤੇ ਅਵਾਰਾ ਛੱਡ ਦਿੰਦੇ ਹਨ।


ਰਾਜਵੀਰ ਜਵੰਦਾ


ਸ. ਗੁਰਵਿੰਦਰ ਸਿੰਘ

ਰਾਜਵੀਰ ਸਿੰਘ ਜਵੰਦਾ ਅਤੇ ਸ. ਗੁਰਵਿੰਦਰ ਸਿੰਘ ਦੇ ਪਰਿਵਾਰ ਹੋਰ ਵੀ ਬਿਹਤਰ ਦੱਸ ਸਕਦੇ ਹਨ ਕਿ ਉਨ੍ਹਾਂ ਉੱਤੇ ਕੀ ਬੀਤੀ ਹੈ ਅਤੇ ਇਨ੍ਹਾਂ ਹਾਦਸਿਆਂ ਦਾ ਦਰਦ ਕੀ ਹੈ।

**(ਲੇਖਕ ਦੇ ਸੋਸ਼ਲ ਮੀਡੀਆ ਪੇਜ ਤੋਂ)**

## ਚੜ੍ਹਦੀ ਕਲਾ ਨਿਵਾਸ


ਡਾ. ਇੰਦਰਜੀਤ ਸਿੰਘ ਗੋਗੋਆਣੀ

ਇਕ ਗੁਰਮੁਖ ਪਿਆਰਾ ਕਹਿੰਦਾ, 'ਅਕਾਲੀ ਜੀ। ਇਸ ਸਮੇਂ ਸਾਡੀਆਂ ਬਹੁਗਿਣਤੀ ਲਿਖਤਾਂ ਅਤੇ ਸਟੇਜਾਂ ਦਾ ਪ੍ਰਚਾਰ ਨਿਰਾਸ਼ਾਵਾਦੀ ਜਿਹਾ ਹੋ ਗਿਆ ਐ, ਤੁਸੀਂ ਕੀ ਸੋਚਦੇ ਓ ?

ਮੈਂ ਕਿਹਾ ਗੁਰਮੁਖਾ! ਗੱਲ ਤੇਰੀ ਸੋਲ੍ਹਾਂ ਆਨੇ ਖਰੀ ਐ। ਰੋਜ਼ਾਨਾ ਹੀ ਚੜ੍ਹਦੀ ਕਲਾ ਤੇ ਸਰਬੱਤ ਦੇ ਭਲੇ ਦੀ ਅਰਦਾਸ ਕਰਨ ਵਾਲੀ ਕੌਮ ਨੂੰ ਬਹੁਤੀਆਂ ਢਹਿੰਦੀ ਕਲਾਂ ਦੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ। ਇਕ ਗੱਲ ਤਾਂ ਪੱਕੀ ਐ ਕਿ ਸਮਾਜ ਦੇ ਦੋ ਵਰਗ ਹੁੰਦੇ ਐ, 'ਅਚੇਤ ਵਰਗ ਤੇ ਸੁਚੇਤ ਵਰਗ'। ਕਿਸੇ ਕੌਮ ਦੀ ਰਹਿਨੁਮਾਈ ਹਮੇਸ਼ਾਂ ਸੁਚੇਤ ਵਰਗ ਕਰਦਾ ਤੇ ਉਹ ਅਚੇਤ ਵਰਗ ਨੂੰ ਲਿਖ ਕੇ, ਬੋਲ ਕੇ, ਗੋਸ਼ਟੀਆਂ ਜਾਂ ਸਤਿ ਸੰਗਤ ਰਾਹੀਂ ਵਿਰਸੇ ਤੇ ਵਿਰਾਸਤ ਪ੍ਰਤੀ ਜਾਗ੍ਰਿਤ ਕਰਦਾ ਰਹਿੰਦਾ ਐ। ਇਹ ਗੱਲ ਵੀ ਕੌੜਾ ਸੱਚ ਐ ਕਿ ਜਦੋਂ ਚਾਰ ਚੁਫੇਰੇ ਜ਼ਿਆਦਾ ਗਿਰਾਵਟ ਦਿੱਸੇ ਤਾਂ ਉਸ ਕਰਮ ਦਾ ਪ੍ਰਤੀਕਰਮ ਹੀ ਲਿਖਤਾਂ ਤੇ ਬੋਲ-ਚਾਲ 'ਚੋਂ ਪ੍ਰਗਟ ਹੁੰਦਾ ਐ। ਪਰ ਐਸੀ ਗੱਲ ਵੀ ਨਹੀਂ ਐਂ ਕਿ ਆਪਣੀ ਕੌਮ ਵਿਚੋਂ ਚੰਗਾ ਤੱਕੋ ਈ ਨਾ ਤੇ 'ਲੁੱਟੇ ਗਏ, ਪੱਟੇ ਗਏ' ਦਾ ਰੌਲਾ ਹੀ ਪਾਈ ਜਾਓ। ਆਪਣਾ ਨਜ਼ਰੀਆ ਆਸ਼ਾਵਾਦੀ ਹੋਵੇ ਤਾਂ ਬਹੁਤ ਕੁਝ ਚੰਗਾ ਵੀ ਨਜ਼ਰ ਆਉਣ ਲੱਗ ਪੈਂਦਾ ਤੇ ਹਮੇਸ਼ਾਂ ਆਸ਼ਾਵਾਦ ਈ ਨਿਰਾਸ਼ਾਵਾਦ ਨੂੰ ਦੂਰ ਕਰਦਾ ਹੁੰਦਾ ਐ।

ਗੁਰਮੁਖ ਸੱਜਣ ਕਹਿੰਦਾ, 'ਅਕਾਲੀ ਜੀ! ਏਹੋ ਮੈਂ ਕਹਿਨਾਂ ਕਿ ਬਹੁਤਾ ਨਿਰਾਸ਼ਾਵਾਦ ਤਾਂ ਆਸ਼ਾਵਾਦੀਆਂ ਦੇ ਵੀ ਦਿਲ ਢਾਹ ਦਿੰਦਾ ਐ।'

ਮੈਂ ਕਿਹਾ, ਦੇਖੋ ਭਾਈ ਵੀਰ ਸਿੰਘ ਜੀ ਨੇ ਇਕ ਪੰਕਤੀ 'ਚ ਕਿੰਨਾ ਸੋਹਣਾ ਸੰਦੇਸ਼ ਦਿੱਤਾ ਐ:

'ਸਿੱਖੀ ਹੈ ਬਲਵਾਨ ਕਰਨਾ ਸੁਰਤ ਨੂੰ,
ਚੜ੍ਹਦੀ ਕਲਾ ਨਿਵਾਸ ਸਦ ਹੀ ਰੱਖਣਾ।'

ਬਈ ਸਿੱਖੀ ਕੀ ਐ? ਆਪਣੀ ਸੁਰਤ ਨੂੰ ਬਲਵਾਨ ਕਰਨਾ ਤੇ ਮਨ ਦੀ ਅਵਸਥਾ ਹਮੇਸ਼ਾਂ ਚੜ੍ਹਦੀ ਕਲਾ 'ਚ ਰੱਖਣੀ ਐਂ। ਇਥੋਂ ਈ ਮਨੁੱਖ ਦੀ ਮਾਨਸਿਕਤਾ ਦਾ ਪਤਾ ਚੱਲਦੈ, ਜਿਵੇਂ ਇਕ ਕਹਿੰਦਾ ਕਿ ਘੜਾ ਅੱਧਾ ਖ਼ਾਲੀ ਐ ਤੇ ਦੂਜਾ ਕਹਿੰਦਾ ਕਿ ਘੜਾ ਅੱਧਾ ਭਰਿਆ ਹੋਇਆ ਐ। ਗੱਲ ਇਕੋ ਈ ਐ, ਪਰ ਆਸ਼ਾ ਅਤੇ ਨਿਰਾਸ਼ਾ ਦਾ ਭਾਵ ਸਪਸ਼ਟ ਹੋ ਜਾਂਦਾ ਐ। ਹੁਣ ਇਹ ਖ਼ਾਲਸਾ ਪੰਥ ਦੇ ਸੁਚੇਤ ਵਰਗ 'ਤੇ ਸੁਆਲ ਐ ਕਿ ਬੀਤੇ ਸਮੇਂ ਤੋਂ ਕਿਸੇ ਵੀ ਖੇਤਰ ਵਿਚ ਪੰਥ ਪ੍ਰਤੀ ਕਾਰਜਸ਼ੀਲ ਮਨੁੱਖ, ਸੰਸਥਾ ਜਾਂ ਪ੍ਰਬੰਧਕਾਂ ਨੂੰ ਅਸੀਂ ਚੰਗੇਰੇ ਕਾਰਜ ਲਈ ਸ਼ਾਬਾਸ਼ੇ ਘੱਟ ਈ ਦਿੱਤੀ ਐ। ਬਸ ਕੁਝ ਕੁ ਕਿਸੇ ਦੇ ਮੁੱਦੇ ਲੱਭ ਕੇ, ਭੰਡੀ ਪ੍ਰਚਾਰ ਕਰ ਕੇ ਸਮਝ ਲੈਨੇ ਆਂ ਕਿ ਪੰਥ ਦੀ ਸੇਵਾ 'ਚ ਹਿੱਸਾ ਪਾ ਦਿੱਤਾ ਐ। ਕਿਸੇ ਦਾ ਔਗੁਣ ਵੀ ਦੱਸਣਾ ਹੋਵੇ ਤਾਂ ਪਹਿਲਾਂ ਉਹਦੇ ਗੁਣਾਂ ਦੀ ਸਿਫ਼ਤ ਜ਼ਰੂਰ ਕੀਤੀ ਜਾਵੇ ਤੇ ਫੇਰ ਸੁਧਾਰਵਾਦੀ ਨਜ਼ਰੀਏ ਤੋਂ ਸੁਲਝੇ ਸ਼ਬਦਾਂ 'ਚ ਅਹਿਸਾਸ ਕਰਵਾਇਆ ਜਾਵੇ। ਦੂਜੇ ਬੰਨੇ ਅਸੀਂ ਇਸ ਤਰ੍ਹਾਂ ਦੇ ਹੋ ਗਏ ਹਾਂ ਕਿ ਗਿਰਝ ਵਾਂਗੂੰ ਉੱਚੀ ਉਡਾਰੀ ਮਾਰ ਕੇ ਵੀ ਕਈ ਵਾਰੀ ਸਿਰਫ਼ ਮੁਰਦਾਰ ਈ ਲੱਭਦੇ ਆਂ।

ਗੁਰਮੁਖ ਸੱਜਣ ਕਹਿੰਦਾ, 'ਅਕਾਲੀ ਜੀ ! ਅਸਲ ਵਿਚ ਮਸਲਾ ਈ ਏਥੇ ਆ ਕੇ ਵਿਗੜਦਾ ਐ। ਮੈਂ ਕਿਹਾ, ਦੇਖੋ, ਸਾਡੇ ਵੱਡੇ-ਵਡੇਰਿਆਂ ਨੇ ਕਿਵੇਂ ਚੜ੍ਹਦੀ ਕਲਾ ਦੇ ਬੋਲ ਘੜੇ ਨੇ, 'ਕੱਲੇ ਨੂੰ 'ਸਵਾ ਲੱਖ', ਨੇਤਰਹੀਣ ਨੂੰ 'ਸੂਰਮਾ ਸਿੰਘ', ਕੰਨਾਂ ਤੋਂ ਬੋਲੇ ਨੂੰ 'ਚੁਬਾਰੇ ਚੜ੍ਹਿਆ', ਲੱਤੋਂ ਲੰਗਾ ਕੇ ਤੁਰਨ ਵਾਲੇ ਨੂੰ 'ਸੁਚਾਲਾ ਸਿੰਘ' ਕਹਿ ਕੇ ਉਹਨੂੰ ਮਾਨਸਿਕ ਤੌਰ 'ਤੇ ਸਰੀਰਕ ਕਮੀ ਦਾ ਸਿਰਫ਼ ਅਹਿਸਾਸ ਈ ਨਹੀਂ ਹੋਣ ਦਿੱਤਾ ਸਗੋਂ ਸਤਿਕਾਰਤ ਸ਼ਬਦਾਂ ਨਾਲ ਨਿਵਾਜਿਆ ਐ। ਅਸੀਂ ਤਾਂ ਛੋਲਿਆਂ ਨੂੰ ਵੀ ਭੁੱਜੇ ਬਦਾਮ ਕਿਹਾ ਪਰ ਹੁਣ ਸਾਡੇ ਕਈ ਚਿੰਤਕ ਲੋਕ ਬਦਾਮਾਂ ਨੂੰ ਵੀ ਛੋਲਿਆਂ ਦੀ ਦਾਲ ਕਹਿ ਕੇ ਨਕਾਰ ਦਿੰਦੇ ਆਂ। ਗੁਰੂ-ਪੰਥ ਕੋਲ ਲੇਖਕਾਂ, ਚਿੰਤਕਾਂ, ਪ੍ਰਚਾਰਕਾਂ, ਵਿਦਵਾਨਾਂ, ਸੇਵਾਦਾਰਾਂ, ਬਹਾਦਰਾਂ, ਦਾਨੀਆਂ, ਵਿਗਿਆਨੀਆਂ ਦੀ ਘਾਟ ਨਹੀਂ ਮੈਂ ਤੇ ਇਹ ਵੀ ਕਾਲ ਨਹੀਂ ਪਿਆ ਕਿ ਹੁਣ ਸਾਰੇ ਸਿੱਖ ਗਏ-ਗੁਜ਼ਰੇ ਤੇ ਨਕਾਰਾ ਹੋ ਗਏ ਨੇ। ਬਸ ਇਕੋ ਡਾਇਲਾਗ ਪ੍ਰਚੱਲਤ ਹੋ ਗਿਆ ਕਿ ਅਸੀਂ ਸਿੱਖ ਨਹੀਂ ਰਹੇ। ਯਾਦ ਕਰੋ ਜਦੋਂ ਪੰਥ ਦੇ ਵਾਰਸਾਂ ਦੇ ਸਿਰਾਂ ਦੇ ਮੁੱਲ ਪੈਂਦੇ ਸੀ, ਉਨ੍ਹਾਂ ਦੇ ਘਰ ਵੀ ਘੋੜਿਆਂ ਦੀਆਂ ਕਾਠੀਆਂ ਸਨ ਤੇ ਉਧਰ ਮੁਗ਼ਲ ਹਕੂਮਤ ਵੀ ਕਹਿ ਰਹੀ ਸੀ ਕਿ ਹੁਣ ਸਿੱਖ ਕੋਈ ਨਹੀਂ ਰਿਹਾ ਤਾਂ ਅਸੀਂ ਫੇਰ ਵੀ ਉਨ੍ਹਾਂ ਤੋਂ ਖ਼ਤਮ ਨਾ ਹੋਏ।

ਹੁਦ ਜਦ ਅਸੀਂ ਢਾਈ ਕਰੋੜ ਦੀ ਗਿਣਤੀ 'ਚ ਗੁਰੂ-ਪੰਥ ਦੇ ਵਾਰਸ ਵਿਸ਼ਵ ਦੇ ਅਨੇਕਾਂ ਮੁਲਕਾਂ ਤਕ ਗੁਰੂ ਦੇ ਨਿਸ਼ਾਨ ਝੁਲਾਈ ਬੈਠੇ ਆਂ ਤਾਂ ਸਾਨੂੰ ਆਸ਼ਾਵਾਦੀ ਹੋ ਕੇ ਸੋਚਣਾ ਚਾਹੀਦਾ ਐ। ਜੇਕਰ ਜੀਵਨ-ਜਾਚ ਵਾਲੇ ਸਿੱਖਾਂ ਪ੍ਰਤੀ ਸ਼ੱਕ ਐ ਤਾਂ ਆਪੋ-ਆਪਣਾ ਜੀਵਨ ਸੰਵਾਰੋ। ਹਾਲੇ ਤਾਂ ਸਿਕਲੀਗਰ, ਵਣਜਾਰੇ ਸਿੱਖਾਂ ਦੀ ਬਹੁਤ ਵੱਡੀ ਗਿਣਤੀ ਸਿੰਘ ਸਜ ਰਹੀ ਐ ਤੇ ਏਧਰ ਕੁਝ ਗੁਰਮੁਖ ਪਿਆਰੇ ਸਮਰਪਿਤ ਭਾਵਨਾ ਨਾਲ ਲੱਗੇ ਹਨ। ਸਾਨੂੰ ਤਾਂ ਸਗੋਂ ਵੱਧ ਤੋਂ ਵੱਧ ਸਹਿਯੋਗ ਦੇਣਾ ਚਾਹੀਦਾ ਐ।

'ਓ ਬਾਬਾ ਜੀ ! ਅਸੀਂ ਤਾਂ ਕਈ ਵਾਰ ਆਪਣਿਆਂ ਨੂੰ ਚੰਗੇ ਸ਼ਬਦਾਂ ਨਾਲ ਨਿਵਾਜਦੇ ਈ ਨਹੀਂ ਤੇ ਫਿਰ ਗੱਲਾਂ ਦੇ ਗਲੋਣ ਬਣ ਜਾਂਦੇ ਐ। ਬਿਲਕੁਲ ਠੀਕ ਐ, ਸੁੱਤਿਆਂ ਨੂੰ ਜਗਾਓ, ਸਮਝਾਓ ਪਰ ਸਤਿਕਾਰ ਨਾਲ। ਟੁੱਟਿਆਂ ਨੂੰ ਗਲ ਨਾਲ ਵੀ ਲਾਓ। ਨਿੱਕੀ ਜਿਹੀ ਗੱਲ ਕਿ ਤਕਰੀਬਨ ਸਾਡੇ ਹਰ ਦੀਵਾਨ ਵਿਚ ਸਿਰੋਂ-ਦਾੜ੍ਹੀਓਂ ਘੋਨੇ-ਮੋਨੇ ਹੋਏ ਸਿੱਖ ਪਰਵਾਰਾਂ ਨਾਲ ਸਬੰਧ ਰੱਖਦੇ ਨੌਜਵਾਨ ਵੀਰਾਂ ਨੂੰ ਆਪਾਂ ਪ੍ਰਚਾਰਕ ਹੀ ਬਹੁਤ ਹਲਕੀ ਸ਼ਬਦਾਵਲੀ ਨਾਲ ਨਿਵਾਜਣ ਲੱਗ ਪੈਂਦੇ ਆਂ। ਇਸ ਲਈ ਬਹੁਤੀ ਥਾਈਂ ਧਾਰਮਿਕ ਦੀਵਾਨ 'ਚ ਪਤਿਤ ਸਿੱਖ ਆਉਂਦੇ ਈ ਨਹੀਂ। ਕਾਰਨ ਵੀ ਸਪਸ਼ਟ ਐ ਕਿ ਅਸੀਂ ਉਨ੍ਹਾਂ ਨੂੰ ਸਤਿਕਾਰਤ ਸ਼ਬਦਾਂ ਨਾਲ ਸਮਝਾਉਣ-ਬੁਝਾਉਣ ਦੀ ਥਾਂ ਬੁਰੇ ਬੋਲ, ਬੋਲ ਕੇ ਆਪਣੇ ਤੋਂ ਦੂਰ ਕਰ ਲਿਆ। ਹੋ ਸਕਦੈ ਕੁਝ ਕੁ ਨੂੰ ਪਤਿਤਪੁਣੇ ਦਾ ਅਹਿਸਾਸ ਈ ਨਹੀਂ, ਕਈਆ ਨੂੰ ਗੁਰੂ ਬਖ਼ਸ਼ੇ ਨਿਆਰੇ ਸਰੂਪ 'ਤੇ ਮਾਣ ਕਰਨਾ ਨਹੀਂ ਆਇਆ, ਪਰ ਸਾਡਾ ਬਹੁਗਿਣਤੀ ਪ੍ਰੇਰਨ ਦਾ ਤਰੀਕਾ ਵੀ ਤਾਂ ਚੰਗਾ ਨਹੀਂ ਐ। ਫੇਰ ਜਦ ਐਸੇ ਲੋਕਾਂ ਨੂੰ ਦੇਹਧਾਰੀ ਗੁਰੂ-ਡੰਮ੍ਹੀਆਂ ਜਾਂ ਡੇਰੇਦਾਰਾਂ ਨੇ ਬਿਨਾਂ ਰੋਕ-ਟੋਕ ਤੋਂ ਆਪਣੇ ਵੱਲੀਂ ਲਾ ਲਿਆ ਤਾਂ ਉਹ ਉਧਰ ਉਲਾਰ ਹੋ ਗਏ। ਡੇਰਾਵਾਦ ਦੀ ਵਧਦੀ ਭੀੜ ਵਿਚ ਹੋਰ ਅਗਿਆਨਤਾ ਦੇ ਨਾਲ ਨਾਲ ਇਹ ਵੀ ਇਕ ਕਾਰਨ ਜ਼ਰੂਰ ਐ।

ਗੁਰਮੁਖ ਪਿਆਰਾ ਕਹਿੰਦਾ, 'ਅਕਾਲੀ ਜੀ! ਪੰਥ ਦੇ ਵਾਰਸਾਂ ਦੀਆਂ ਆਪਾ-ਵਿਰੋਧੀ ਲਿਖਤਾਂ, ਸਿਧਾਂਤਕ ਅਲੱਗ-ਅਲੱਗ ਵਿਆਖਿਆ ਤੇ ਘਰੇਲੂ ਜੰਗ ਵੀ, ਕੀ ਦੁਬਿਧਾ ਨਹੀਂ ਪੈਦਾ ਕਰਦੀ ? ਮੈਂ ਕਿਹਾ, ਗੱਲ ਸਿੱਟਣ ਵਾਲੀ ਨਹੀਂ ਐਂ। ਸਾਡਾ ਜਥੇਬੰਦਕ ਧਰਮ ਐਂ। ਕਈ ਵਾਰੀ ਅਸੀਂ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਕਤਲ ਕਰ ਕੇ ਆਪਣੀਆਂ ਜਾਤੀ ਸੋਚਾਂ ਪੂਰੀ ਜਮਾਤ ਉੱਤੇ ਠੋਸਣ ਦੀ ਕੋਸ਼ਿਸ਼ ਕਰਦੇ ਆਂ। ਅਸੀਂ ਕਈ ਬੇਲੋੜੇ ਮੁੱਦੇ ਉਠਾ ਕੇ ਕੌਮ ਦੀ ਸ਼ਕਤੀ ਨੂੰ ਵਿਅਰਥ ਗਵਾਇਆ ਹੈ। ਕਈਆਂ ਨੇ ਤਾਂ ਦਸਮ ਪਿਤਾ ਦੇ ਰਚਿਤ ਸ਼ਬਦਾਂ ਦੀ ਵਿਆਖਿਆ ਏਨੀ ਨਿਰਾਸ਼ਾਜਨਕ ਕੀਤੀ ਕਿ ਉਹ ਚੜ੍ਹਦੀ ਕਲਾ ਦੀ ਗੱਲ ਕਰ ਹੀ ਨਹੀਂ ਸਕੇ। ਕੁਝ ਸਮਾਂ ਪਹਿਲਾਂ 'ਗੁਰੂ ਗੋਬਿੰਦ ਸਿੰਘ ਜੀ' ਦੀ ਚੇਅਰ 'ਤੇ ਸਥਾਪਤ ਇਕ ਮੁਖੀ ਨੂੰ ਦੇਖ ਕੇ ਮੇਰੇ ਨਾਲ ਦਾ ਸੱਜਣ ਕਹਿੰਦਾ ਕਿ ਏਨਾ ਨਿਰਾਸ਼ਾਮਈ ਤੇ ਬੇਅੰਮ੍ਰਿਤੀਆ ਘੱਟੋ ਘੱਟ ਇਸ ਚੇਅਰ ਨਾਲ ਤਾਂ ਘੋਰ ਬੇਇਨਸਾਫ਼ੀ ਹੈ। ਮੈਂ ਕਿਹਾ, ਏਹੋ ਹਾਲ ਕਈ ਵਾਰੀ ਸਾਡੇ ਕੁਝ-ਕੁ ਲੇਖਕਾਂ-ਪ੍ਰਚਾਰਕਾਂ ਦਾ ਹੁੰਦਾ ਐ ਜੋ ਦਸਮੇਸ਼ ਪਿਤਾ ਜੀ ਦੀ ਜੀਵਨ-ਫ਼ਿਲਾਸਫ਼ੀ 'ਤੇ ਤਾਂ ਬਹੁਤ ਵਧੀਆ ਲਿਖਦੇ-ਬੋਲਦੇ ਨੇ ਪਰ 'ਅੰਮ੍ਰਿਤ ਛਕਣ' 'ਤੇ ਆ ਕੇ ਆਪਣੀਆਂ ਦਲੀਲਾਂ ਸ਼ੁਰੂ ਕਰ ਦਿੰਦੇ ਐ। ਇਹ ਕਲਾਵਾਨ ਲੋਕ ਜੇ ਧਰਮ ਪ੍ਰਤੀ ਸਮਰਪਿਤ ਹੋ ਜਾਣ ਤਾਂ ਚੜ੍ਹਦੀ ਕਲਾ ਵਾਲੀਆਂ ਸੰਗਤਾਂ ਸਿਰਜ ਸਕਦੇ ਨੇ। ਇਸ ਲਈ ਹਰ ਲੇਖਕ ਅਤੇ ਪ੍ਰਚਾਰਕ ਨੂੰ ਇਹ ਅਹਿਸਾਸ ਜ਼ੂਰ ਹੋਣਾ ਚਾਹੀਦਾ ਕਿ ਉਹ ਸਿਰਫ਼ ਲਿਖਣ ਲਈ ਨਹੀਂ ਲਿਖ ਰਿਹਾ, ਸਿਰਫ਼ ਬੋਲਣ ਲਈ ਨਹੀਂ ਬੋਲ ਰਿਹਾ, ਸਗੋਂ ਉਹਦੇ ਹਰ ਲਿਖੇ-ਬੋਲੇ ਸ਼ਬਦ ਵਿਚ ਕੌਮੀ ਹੋਂਦ ਦਾ ਸੁਆਲ ਐ। ਇਹਦੇ ਦੂਰ-ਅੰਦੇਸ਼ ਸਿੱਟੇ ਕੀ ਹੋਣਗੇ? ਇਹਦੇ ਨਾਲ ਪ੍ਰਚਾਰ 'ਚ ਵਾਧਾ ਹੋਵੇਗਾ ਜਾਂ ਨਿਘਾਰ ਹੋਵੇਗਾ ? ਕੀ ਜੋ ਮੈਂ ਲਿਖ-ਬੋਲ ਰਿਹਾਂ ਉਹਦੇ ਉੱਤੇ ਖ਼ੁਦ ਪੂਰਾ ਉਤਰਦਾ ਹਾਂ। ਇਸ ਲਈ ਲਿਖਾਰੀ ਤੇ ਬੁਲਾਰੇ ਦਾ ਫ਼ਰਜ਼ ਬਣਦੈ ਕਿ ਉਹ ਗੁਰੂ-ਗ੍ਰੰਥ ਤੇ ਗੁਰੂ-ਪੰਥ ਦੀਆਂ ਸਿਫ਼ਤਾਂ ਕਰ ਕੇ ਕੁਝ ਚੰਗਿਆਂ ਦੇ ਗੁਣ ਪ੍ਰਗਟ ਕਰ ਕੇ ਫੇਰ ਕਮੀਆਂ-ਪੇਸ਼ੀਆਂ 'ਚ ਉਲਝੀ ਬਿਮਾਰ ਮਾਨਸਿਕਤਾ ਨੂੰ ਬਦਲਣ ਲਈ ਆਸ਼ਾਵਾਦੀ ਢੰਗ ਵਰਤੇ। ਹੁਣ ਸੋਚੋ, ਜੇਕਰ ਮਰੀਜ਼ ਵੀ ਰੋ ਰਿਹਾ ਹੋਵੇ ਤੇ ਡਾਕਟਰ ਵੀ ਅੱਥਰੂ ਕੇਰ ਰਿਹਾ ਹੋਵੇ ਤਾਂ ਕੀ ਬੀਮਾਰੀ ਦਾ ਇਲਾਜ ਹੋ ਜਾਊ ? ਭਾਵੇਂ ਮਰੀਜ਼ ਦੇ ਬਚਣ ਦੀ ਉਮੀਦ ਵੀ ਨਾ ਹੋਵੇ ਤਾਂ ਵੀ ਚੰਗਾ ਡਾਕਟਰ ਢਹਿੰਦੀ ਕਲਾ ਦੀ ਗੱਲ ਨਹੀਂ ਕਰਦਾ। ਇਸ ਲਈ ਕੌਮ ਦਾ ਸੁਚੇਤ ਵਰਗ ਧਰਮ ਦੇ ਪ੍ਰਚਾਰ ਤੇ ਪਾਸਾਰ ਲਈ ਹਰ ਹੀਲਾ ਵਰਤੇ ਪਰ ਢਹਿੰਦੀ ਕਲਾ 'ਚ ਨਹੀਂ ਹੋਣਾ ਚਾਹੀਦਾ, ਹਮੇਸ਼ਾ ਚੜ੍ਹਦੀ ਕਲਾ 'ਚ ਹੋਣਾ ਚਾਹੀਦਾ ਐ। ਗੁਰਮੁਖ ਪਿਆਰਾ ਕਹਿੰਦਾ, 'ਅਕਾਲੀ ਜੀ! ਫੇਰ ਚੜ੍ਹਦੀ ਕਲਾ 'ਚ ਰਹਿਣ ਦਾ ਰਾਜ਼ ਕੀ ਐ ?

ਮੈਂ ਕਿਹਾ, ਗੁਰਮੁਖਾ! ਇਹ ਮਨੁੱਖ ਦੇ ਮਨ ਦੀ ਅਵਸਥਾ ਐ ਜੋ ਦ੍ਰਿੜ ਤੇ ਆਤਮ-ਵਿਸ਼ਵਾਸ 'ਤੇ ਨਿਰਭਰ ਐ। ਇਥੇ ਮਨੁੱਖ ਚਿੰਤਾ-ਮੁਕਤ, ਗ਼ਮ-ਮੁਕਤ ਡਰ-ਮੁਕਤ ਹੋ ਜਾਂਦਾ ਐ। ਕਹਿੰਦੇ, ਮਾਛੀਵਾੜੇ ਦੇ ਜੰਗਲਾਂ 'ਚ ਸਿੱਖ, ਦਸਮ ਪਿਤਾ ਜੀ ਨੂੰ ਕਹਿਣ ਲੱਗੇ ਕਿ ਸੱਚੇ ਪਾਤਸ਼ਾਹ! ਤੁਸੀਂ ਕਿੰਨੀਆਂ ਰੀਝਾਂ ਨਾਲ ਅਨੰਦਪੁਰ ਵਸਾਇਆ ਸੀ, ਹੁਣ ਮੁਗ਼ਲਾਂ ਨੇ ਪਤਾ ਨਹੀਂ ਕੀ ਹਾਲ ਕੀਤਾ ਹੋਊ ? ਦਸਮ ਪਿਤਾ. ਮੁਸਕਰਾ ਕੇ ਕਹਿੰਦੇ, ÷ਪਿਆਰੇ ਸਿੱਖੋ ! ਅਨੰਦਪੁਰ ਸਿਰਫ਼ ਧਰਤੀ ਜਾਂ ਕਸਬੇ ਦਾ ਨਾਉਂ ਨਹੀਂ ਐ। ਅਨੰਦ ਤਾਂ ਮਨ ਦੀ ਅਵਸਥਾ ਐ, ਮੈਂ ਤਾਂ ਅਜੇ ਵੀ ਅਨੰਦ ਵਿਚ ਹਾਂ। ਮੈਂ ਅਨੰਦਪੁਰ ਇਸ ਕਰਕੇ ਵਸਾਇਆ ਸੀ ਕਿ ਇਥੇ ਆ ਕੇ ਹਰ ਇਨਸਾਨ ਪੱਕੇ ਤੌਰ 'ਤੇ ਅਨੰਦਮਈ ਅਵਸਥਾ ਵਾਲਾ ਹੋ ਜਾਵੇਗਾ, ਇਸ ਲਈ ਤੁਸੀਂ ਵੀ ਅਨੰਦਮਈ ਅਵਸਥਾ ਦੀਆਂ ਬਾਤਾਂ ਕਰੋ।

ਇਸ ਕਰਕੇ ਚੜ੍ਹਦੀ ਕਲਾ ਜੀਵਨ ਦੀ ਇਕ ਕਲਾ ਐ, ਜੀਹਦਾ ਪਹਿਲਾ ਨੁਕਤਾ ਕਿ 'ਹੁਕਮਿ ਰਜਾਈ ਚਲਣਾ' ਭਾਣੇ 'ਚ ਰਹਿਣ ਵਾਲਾ ਹਮੇਸ਼ਾਂ ਚੜ੍ਹਦੀ ਕਲਾ ਵਾਲਾ ਹੁੰਦਾ ਐ। ਸਬਰ, ਸੰਤੋਖ, ਸੰਜਮ ਤੇ ਸ਼ਾਂਤੀ 'ਚ ਸਭ ਭਟਕਣਾਂ ਖ਼ਤਮ ਹੋ ਜਾਂਦੀਆਂ ਨੇ। ਦੂਜਾ ਨੁਕਤਾ ਹੈ, 'ਨਿਰਭਉ ਜਪੈ ਸਗਲ ਭਉ ਮਿਟੈ' ਡਰ ਰਹਿਤ ਪਰਮਾਤਮਾ ਦਾ ਨਾਮ ਸਿਮਰਨ ਵਾਲੇ ਦੇ ਸਭ ਡਰ ਦੂਰ ਹੋ ਜਾਂਦੇ ਨੇ। ਜ਼ਿੰਦਗੀ ਦੇ ਨਿੱਕੇ-ਨਿੱਕੇ ਡਰਾਂ ਤੋਂ ਲੈ ਕੇ ਮੌਤ ਦੇ ਵੱਡੇ ਡਰ ਤਕ ਮਨੁੱਖ ਸਹਿਮਿਆਂ ਰਹਿੰਦਾ ਹੈ। ਤੀਜਾ ਨੁਕਤਾ-ਹਰ ਸਿੱਖ ਦਾ ਗੁਰੂ-ਗ੍ਰੰਥ ਅਤੇ ਗੁਰੂ-ਪੰਥ ਉੱਤੇ ਦ੍ਰਿੜ੍ਹ ਨਿਸਚਾ ਹੋਵੇ ਤੇ ਭੁੱਲ ਕੇ ਵੀ ਗੁਰੂ ਦੇ ਬਚਨਾਂ, ਸਿਧਾਂਤਾਂ ਉੱਤੇ ਸ਼ੰਕਾ ਨਹੀਂ ਕਰਨਾ। ਸ਼ੰਕਾਵਾਦੀ ਹਮੇਸ਼ਾਂ ਢਹਿੰਦੀ ਕਲਾ ਵਾਲਾ ਹੁੰਦਾ ਐ। ਚੌਥਾ ਨੁਕਤਾ-ਆਪਣੇ ਸਿੱਖੀ ਸਰੂਪ ਉਤੇ ਹਮੇਸ਼ਾਂ ਫ਼ਖ਼ਰ ਕਰਨਾ ਅਤੇ ਬਾਣੀ ਤੇ ਬਾਣੇ 'ਚ ਪ੍ਰਪੱਕ ਰਹਿਣਾ ਚੜ੍ਹਦੀ ਕਲਾ ਦਾ ਰਾਜ਼ ਐ। ਜੀਵਨ ਦੀ ਕਿਸੇ ਅਸਫਲਤਾ ਤੋਂ ਘਬਰਾਉਣਾ ਨਹੀਂ ਚਾਹੀਦਾ ਸਗੋਂ ਦ੍ਰਿੜ੍ਹ ਇਰਾਦੇ ਨਾਲ ਅਰਦਾਸ ਕਰ ਕੇ ਸਫਲਤਾ ਲਈ ਕਾਰਜਸ਼ੀਲ ਰਹਿਣਾ ਐਂ। ਅੱਜਕਲ੍ਹ ਨਿੱਕੀ ਜਿਹੀ ਗੱਲ 'ਤੇ ਘਬਰਾ ਕੇ ਆਤਮ-ਹੱਤਿਆ, ਥੋੜ੍ਹੇ ਜਿਹੇ ਰੋਸੇ ਤੋਂ ਤਲਾਕ ਤੇ ਚਿੰਤਾ ਗ੍ਰਸਤ ਹੋਣ ਦੀਆਂ ਘਟਨਾਵਾਂ ਢਹਿੰਦੀ ਕਲਾ 'ਚੋਂ ਜਨਮ ਲੈ ਰਹੀਆਂ ਹਨ। ਸਰਬੱਤ ਦਾ ਭਲਾ ਮੰਗਣ ਵਾਲਾ, ਦਇਆਵਾਨ, ਮਿੱਠ-ਬੋਲੜਾ ਇਨਸਾਨ, ਚੜ੍ਹਦੀ ਕਲਾ 'ਚ ਰਹਿੰਦਾ ਐ। ਸਭ ਤੋਂ ਵੱਡੀ ਗੱਲ ਵਿਹਲ ਤੇ ਨਿਖੱਟੂਪੁਣਾ ਜ਼ਿੰਦਗੀ ਜੀਣ ਦਾ ਉਤਸ਼ਾਹ ਖ਼ਤਮ ਕਰ ਦਿੰਦੇ ਨੇ। ਜ਼ਿੰਦਗੀ ਜੀਣ ਦਾ ਕੋਈ ਆਸ਼ਾ ਵੀ ਹੋਵੇ ! ਚੰਗਾ ਸ਼ੌਕ, ਚੰਗੀ ਸੰਗਤ, ਚੰਗੀਆਂ ਆਦਤਾਂ ਤੇ ਚੰਗੀ ਜੀਵਨ-ਜਾਚ ਚੜ੍ਹਦੀ ਕਲਾ ਦਾ ਹੁਲਾਰਾ ਐ। ਗੁਰਬਾਣੀ ਸਿੱਖ ਨੂੰ ਉੱਚੀ-ਸੁੱਚੀ ਜੀਵਨ-ਜਾਚ ਬਖ਼ਸ਼ਦੀ ਐ, ਬਾਣੀ ਪੜ੍ਹਨਾ ਤੇ ਅਮਲ ਕਰਨਾ ਜ਼ਰੂਰੀ ਐ। ਵਾਹਿਗੁਰੂ ਦੀ ਬੰਦਗੀ ਤੇ ਸਿਮਰਨ ਮਨੁੱਖੀ ਮਨ ਨੂੰ ਇਕਾਗਰਤਾ, ਸ਼ਾਂਤੀ ਤੇ ਦ੍ਰਿੜ੍ਹਤਾ ਬਖ਼ਸ਼ਦੇ ਹਨ। ਆਹ ਵਿਖਾਵੇ ਦੀ ਦੁਨੀਆਂ, ਫੋਕੇ ਰਸਮ-ਰਿਵਾਜ, ਬੇਲੋੜੇ ਫ਼ੈਸ਼ਨ, ਅਨੇਕ ਤਰ੍ਹਾਂ ਦੇ ਨਸ਼ੇ, ਈਰਖਾ ਤੇ ਸਾੜਿਆਂ ਨੇ ਹਮੇਸ਼ਾਂ ਨਿਰਾਸ਼ਾਵਾਦ ਨੂੰ ਜਨਮ ਦਿੱਤਾ ਐ। ਇਸ ਲਈ ਗੁਰੂ ਦਾ ਸਿੱਖ ਜੋ ਕਿਰਤ ਕਰਦਾ, ਨਾਮ ਜਪਦਾ, ਵੰਡ ਛਕਦਾ ਐ ਹਮੇਸ਼ਾਂ ਚੜ੍ਹਦੀ ਕਲਾ 'ਚ ਹੋਵੇਗਾ। ਸੋ ਪਿਆਰਿਆ ! ਰੋਂਦੂ ਬੱਚੇ ਨੂੰ ਤਾਂ ਹੋਰ ਕਿਸੇ ਨੇ ਕੀ ਖਿਡਾਉਣਾ ਐਂ, ਕਈ ਵਾਰੀ ਮਾਂ ਵੀ ਅੱਕ ਕੇ ਚਪੇੜ ਜੜ੍ਹ ਦਿੰਦੀ ਐ ਕਿ ਇਹ ਕੀ ਬਲਾ ਗਲ ਪੈ ਗਈ। ਖੇੜੇ 'ਚ ਰਹਿਣਾ ਜੀਵਨ ਦੀ ਕਲਾ ਐ। ਸਭ ਤੋਂ ਵੱਡੀ ਗੱਲ ਜੀਹਦਾ ਧਰਮ ਪਿਤਾ ਹੋਵੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਧਰਮ ਦੀ ਮਾਤਾ ਹੋਵੇ ਮਾਤਾ ਸਾਹਿਬ ਕੌਰ ਤੇ ਵਾਸੀ ਹੋਵੇ ਅਨੰਦਪੁਰ ਦਾ, ਉਹ ਸਦਾ ਚੜ੍ਹਦੀ ਕਲਾ ਵਾਲਾ ਹੀ ਹੋਵੇਗਾ। ਬਹੁਤੇ ਸ਼ੰਕਾਵਾਦੀ ਤੇ ਨਿਰਾਸ਼ਾਵਾਦੀ ਸਿੱਖਾਂ 'ਤੇ ਸ਼ੰਕਾ ਜਿਹਾ ਜ਼ਰੂਰ ਐ ਕਿ ਉਹ ਹਾਲੇ ਅਨੰਦਪੁਰ ਦੇ ਵਾਸੀ ਨਹੀਂ ਬਣੇ ਕਿਉਂਕਿ ਅਨੰਦਪੁਰ ਦੇ ਸਿਦਕਵਾਨ ਵਾਸੀਆਂ ਦੇ ਜੀਵਨ-ਮਾਰਗ ਅਤੇ ਸੋਚਾਂ 'ਚੋਂ ਸਭ ਰੁਕਾਵਟਾਂ, ਦੁੱਖ-ਦਰਦ, ਬੇਲੋੜੇ ਵਾਦ-ਵਿਵਾਦ, ਨਿਰਾਸ਼ਾਵਾਂ ਆਪੇ ਖ਼ਤਮ ਹੋ ਜਾਂਦੇ ਨੇ। ਇਸ ਲਈ ਚੜ੍ਹਦੀ ਕਲਾ ਵਾਲੇ ਪਾਤਸ਼ਾਹ ਦੇ, ਚੜ੍ਹਦੀ ਕਲਾ ਵਾਲੇ ਫ਼ਸਲਫ਼ੇ ਨੂੰ, ਚੜ੍ਹਦੀ ਕਲਾ ਵਿਚ ਰਹਿ ਕੇ ਚੜ੍ਹਦੀ ਕਲਾ ਨਾਲ ਅਮਲੀ ਜੀਵਨ 'ਚ ਧਾਰਨ ਕਰ ਲਈਏ ਤਾਂ ਹਮੇਸ਼ਾਂ ਚੜ੍ਹਦੀ ਕਲਾ ਹੀ ਰਹੇਗੀ।

# Hukam: The Divine Theory of Everything

Our universe is not a haphazard phenomenon. All celestial bodies exist in a particular order and perform specific functions.Indeed, the complexity of the universe and the well-regulated movement of its various components indicate that there is a fundamental set of rules governing it. Every activity—from the origin of the universe to its precise functioning—is governed by natural laws. These laws are fixed and well-defined. Modern scientists have long been exploring whether there is only one set of laws by which all manifestations and operations of the universe can be explained, or whether multiple laws are required to account for the behavior of celestial bodies.Gurbani, however, declares that one and only one Divine Law is inherent in all phenomena of the universe.Although scientists also theorize that a single law may unify all physical forces, they are still striving to discover this unifying principle.

The Scientific PerspectiveScience acknowledges that the behavior of matter and radiation in the present-day universe is controlled by four fundamental forces. These four forces govern the universe from the minutest to the grandest scale. There are no exceptions to these laws.The four fundamental forces are as follows:

1.**Gravity:**This is the most important yet the weakest of the four forces. It is a long-range, always-attractive force that acts on everything in the universe. Gravity controls the large-scale behavior of matter—for example, the orbits of planets, the motion of stars, and the interactions between galaxies—all of which play a vital role in the evolution of the universe.

2.**Electromagnetic Force:**This is also a long-range force but much stronger than gravity. It governs nearly all changes in nature. The electromagnetic force binds atoms into molecules, making life possible. It is responsible for all of chemistry and biology.It controls the motion of electrically charged particles and the emission and absorption of light and other forms of electromagnetic radiation. Unlike gravity, which is always attractive, the electromagnetic force can be both attractive and repulsive opposite charges (positive and negative) attract each other, while like charges repel.

3.**Strong Nuclear Force:**The strong and weak nuclear forces are short-range forces,



effective only over distances comparable to the diameter of an atomic nucleus.The strong nuclear force binds together the nucleons (protons and neutrons) that make up an atomic nucleus, preventing the positively charged protons from repelling one another. At an even deeper level, this force binds the quarks that compose protons and neutrons.

4.**Weak Nuclear Force:**The weak nuclear force is responsible for the phenomenon of radioactivity. It governs the radioactive decay process through which unstable nuclei transform into different nuclei by emitting electrons (beta decay) or clusters of protons and neutrons (alpha decay). This force plays a vital role in the formation of elements in stars and in the early universe.

The Quest for UnificationThese four forces govern every activity of the universe. The same physical and chemical processes operate everywhere from distant galaxies to our own solar system. Magnetic and gravitational fields manipulate matter in their respective ways, and nuclear reactions function universally.Modern scientists have been striving to unify these four forces into one single law. Albert Einstein (1879–1955) was the first to propose this idea through his concept of the Unified Field Theory or the Grand Unification Theory (GUT), which sought to combine all the forces of nature into a single framework.Since Newton and especially since Einstein the ultimate goal of physics has been to find a simple mathematical principle that can account for every observable aspect of matter and force in nature. In the 1970s, a single theory combining the strong, weak, and electromagnetic forces was formulated. Later, String Theory and M-Theory emerged, attempting to incorporate the remaining force—gravity. The aim has been to discover one fundamental theory capable of explaining all the forces of nature.

**The Spiritual Perspective:** Hukam in GurbaniNow let us see what Gurbani in the Sri Guru Granth Sahib says on this subject.In the Guru Granth Sahib, Hukam is not merely a religious concept—it represents the most fundamental law governing the entire universe.According to Dr. Harpal Singh Pannu, Hukam is God's Divine Law by which the universe operates.Similarly, Dr. Wazir Singh states that Hukam is the most fundamental law of Divine action—the law underlying every form of activity. All the natural laws of the universe work under this all-pervasive Divine Law. Nothing exists outside its domain. Nature and all its functions operate in strict accordance with this Divine Order. No one is exempt from Hukam; it prevails throughout all realms and planes of existence.

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥(SGGS: 1)

Everything is under Hukam (Divine Law); no one is beyond Hukam.

ਪਾਤਾਲ ਪੁਰੀਆ ਲੋਅ ਆਕਾਰਾ ॥ ਤਿਸੁ ਵਿਚਿ ਵਰਤੈ ਹੁਕਮੁ

ਕਰਾਰਾ॥ਹੁਕਮੇ ਸਾਜੇ ਹੁਕਮੇ ਢਾਹੇ ਹੁਕਮੇ ਮੇਲਿ ਮਿਲਾਇਦਾ ॥

(SGGS: 1060) The Almighty's Command prevails throughout the nether regions, realms, and worlds of form. By His Hukam, He creates and destroys; by His Hukam, He unites all in union.

ਹੁਕਮੁ ਸਾਜਿ ਹੁਕਮੈ ਵਿਚਿ ਰਖੇ ਨਾਨਕ ਸਚਾ ਆਪਿ॥ (SGGS:

145) The True Lord creates through His Command and sustains all within His Command.

ਹੁਕਮੇ ਆਵੈ ਹੁਕਮੇ ਜਾਵੈ ਹੁਕਮੇ ਰਹੈ ਸਮਾਈ॥(SGGS: 940)

By His Hukam we come, by His Hukam we go, and by His Hukam we merge into Him.ਹੁਕਮੇ ਜੁਗ ਮਹਿ ਆਇਆ ਚਲਣੁ ਹੁਕਮਿ ਸੰਜੋਗਿ ਜੀਉ

॥ਹੁਕਮੇ ਪਰਪੰਚ ਪਸਰਿਆ ਹੁਕਮਿ ਕਰੇ ਰਸ ਭੋਗ ਜੀਉ ॥

(SGGS: 760)By His Hukam, beings come into this world and depart by His Hukam. By His Hukam, the expanse of the universe is spread, and by His Hukam, beings enjoy the pleasures of life.

ਚਹੁ ਦਿਸਿ ਹੁਕਮੁ ਵਰਤੈ ਪ੍ਰਭ ਤੇਰਾ ਚਹੁ ਦਿਸਿ ਨਾਮ ਪਤਾਲੰ॥

(SGGS: 1275)

O Lord, Your Hukam prevails in all four directions. Thus, the Divine Law Hukam is timeless and absolute. It governs all realms—physical, moral, and spiritual. All beings across the three worlds are bound by this Law; none are exempt.This Divine Hukam is also expressed in the Guru Granth Sahib through terms like Bhai, Bhao, and Dharam, signifying divine order, discipline, and harmony.Both Gurbani and Science agree that the universe is not a random occurrence. Both affirm that it operates under fixed, universal laws. Gurbani identifies this all-encompassing law as Divine Hukam—the supreme principle under which all other natural laws function. Scientists recognize four forces responsible for the functioning of the universe. While they have successfully unified three of these, they continue to search for one single principle a "Superforce"—that unites them all, possibly through M-Theory.In this way, Gurbani not only offers an explanation for the working of the universe but also provides a ray of hope for scientists affirming that it is indeed possible to find a single, all-encompassing law capable of explaining every phenomenon of existence.

**(Courtesy: The Sikh Review, December 2015)**

**Prof. Manjit Singh**

# Miri-Piri: Interaction between Spirituality and Politics

***Dr. Gurdeep Kaur***

The concept of the state, as reflected in Sikh scriptures and history, is rooted in a unique fusion of political and spiritual philosophy. This integration is embodied in the doctrine of Miri-Piri, which reflects the religious responsibility within political affairs. Sikh religion and history encompass both Miri (temporal authority) and Piri (spiritual authority), the foundations of which were laid by the Sikh Gurus, who were both spiritual guides and political leaders.The terms Miri and Piri originate from the Persian words Mir and Pir, respectively.• Mir refers to an emperor, prince, lord, governor, chief, or leader—essentially someone who holds temporal authority. The term Amir carries a similar meaning, denoting one who possesses wealth and power.• Pir denotes a guru, teacher, spiritual guide, saint, or the founder of a religion.Thus, Miri and Piri represent temporal and spiritual powers, respectively—two vital dimensions of human life that together constitute the totality of reality. According to the principle of Miri-Piri, these aspects are inseparable. This principle highlights a creative, integrative, and life-affirming vision of reality that is essential for the full development of human personality.In Gurbani, the term Mir is used to denote a person of power. While the Mir—a ruler—is mortal and holds temporal authority, the Pir, as a bearer of spiritual power, is regarded as immortal. The Pir exemplifies a way of life characterized by renunciation, self-sacrifice, detachment, and spiritual excellence. Pirs are often equated with prophets and apostles. Guru Nanak referred to Emperor Babar as a Mir due to his political status, while Bhai Gurdas used the term Pir for Guru Nanak to emphasize his divine and spiritual qualities. Similarly, Kahan Singh Nabha, in his Mahan Kosh, interprets Mir as an abbreviation of Amir, and defines Pir as a person of marked divinity.The concept of Miri-Piri, therefore, signifies the blending of worldly and spiritual sovereignty. This fusion is rare in Indian history and contrasts sharply with prevailing notions that separate spiritualism from political power. For this reason, some scholars find it difficult to accept that the pursuit of political power—even for noble purposes—can be a legitimate spiritual undertaking.Before the time of Guru Hargobind, the sixth Sikh Guru, the Gurus' authority was viewed as purely spiritual. Guru Nanak Dev was known as Nanak Shah Faqir, revered as the Guru of Hindus and the Pir of Muslims. However, after the execution of Guru Arjan Dev by Emperor Jahangir on charges of rebellion, the responsibility of Guruship fell upon his eleven-year-old son, Guru Hargobind. In his final message to his son, Guru Arjan instructed him to fully arm himself and prepare for a long struggle against tyranny.Following this command, Guru Hargobind introduced a revolutionary change in the concept of Guruship. Upon ascending to his role, he wore two swords—one symbolizing Piri (spiritual authority),



and the other symbolizing Miri (temporal authority). Thus, he embodied both spiritual greatness and worldly sovereignty. This marked a significant transformation, echoing the Indic philosophy of Raj-Dharma, and it carried profound implications for the future of Sikhism.At his installation ceremony, presided over by Baba Buddha, Guru Hargobind requested the traditional seli (rosary) and topi (skull-cap)—symbols passed from one Guru to another—to be replaced with a sword. Baba Buddha placed a sword on the Guru's right side, but when he attempted to correct what he thought was a mistake, Guru Hargobind asked him to bring a second sword and place it on his left side. One sword represented Piri, the spiritual domain, and the other Miri, the temporal domain. Additionally, Guru Hargobind wore an aigrette (a plume) on his turban as a symbol of royalty."My rosary shall be the sword-belt, and on my turban I shall wear the emblem of royalty."Similar accounts of his appointment are found in Santokh Singh's Guru Pratap Suraj Granth and Kesar Singh Chhibber's Bansavali Nama.Guru Hargobind came to be known among Sikhs as the Sacha Patshah (True King).

He issued hukamnamas (edicts) encouraging Sikhs to bear arms and ride horses, even offering double blessings to those who gifted weapons or horses to the Guru. He also hired professional soldiers to train Sikhs in martial arts and took part in hunting and athletic games.

This marked a dramatic shift in the lifestyle of the Guru and his followers.The concept of Miri-Piri, fully developed and emphasized by Guru Hargobind, became central to Sikh philosophy and history. Though it came to prominence during his Guruship, the idea had always been a part of the teachings of the earlier Gurus. The emphasis on integrating worldly responsibility with spiritual development began with Guru Nanak and reached its culmination with the formation of the Khalsa by Guru Gobind Singh. The socio-political circumstances during Guru Hargobind's time, however, brought this doctrine into sharp focus and made it a defining feature of Sikh identity.

# ਕਿਆ ਤੁਸੀਂ ਦੂਜਿਆਂ ਦੀ ਰੀਸ ਭੀ ਨਹੀਂ ਕਰ ਸਕਦੇ ?



ਗਿਆਨੀ ਦਿੱਤ ਸਿੰਘ

ਬਹੁਤ ਸਾਰੇ ਭਾਈ ਸਾਨੂੰ ਅਪਨੀ ਭਲਾਈ ਦਾ ਸਾਧਨ ਅੰਨਮਤੀ ਗੁਲਾਮੀ ਹੀ ਦੱਸਦੇ ਹਨ ਅਤੇ ਖਯਾਲ ਕਰਦੇ ਹਨ ਕਿ ਜਦ ਖਾਲਸਾ ਕੌਮ ਕੌਮ ਬਨ ਕੇ ਅਪਨੇ ਤਾਈਂ ਨਿਆਰਾ ਕਰੇਗੀ ਤਦ ਇਸ ਦਾ ਕੁਝ ਭੀ ਨਹੀਂ ਰਹੇਗਾ ਅਰ ਅਜੇਹੀ ਕਮਜ਼ੋਰ ਹੋ ਜਾਏਗੀ ਜਿਸ ਤੇ ਇਸ ਦੇ ਬਚਨ ਦਾ ਬਹੁਤ ਹੀ ਘੱਟ ਉਪਾਇ ਹੋਵੇਗਾ, ਪ੍ਰੰਤੂ ਭਾਵੇਂ ਸਾਡੇ ਸੱਜਨਾਂ ਦੀ ਇਹ ਬਾਤ ਕਿਸੀ ਕਦਰ ਇਤਨੀ ਜ਼ਰੂਰ ਸੱਚੀ ਹੈ ਕਿ ਜਦ ਇਹ ਖਾਲਸਾ ਕੌਮ ਇਕ ਜੁਦੀ ਕੌਮ ਬਨ ਗਈ ਤਦ ਇਸ ਦੀ ਗਿਣਤੀ ਅਰ ਆਬਾਦੀ ਬਹੁਤ ਹੀ ਥੋੜੀ ਰਹ ਜਾਏਗੀ ਅਰ ਇਸ ਤੇ ਬਿਨਾਂ ਜੋ ਹਨ ਸਤਨਾਜਾ ਜੇਹਾ ਰਹ ਕੇ ਵਜ਼ਨਦਾਰ ਮਾਲੂਮ ਹੁੰਦੀ ਹੈ ਸੋ ਭੀ ਹਟ ਜਾਏਗਾ। ਇਸੀ ਤਰ੍ਹਾਂ ਸੰਸਾਰਕ ਕਈ ਵਰਤਾਰਿਆਂ ਦੇ ਜਾਂਦੇ ਰਹਨ ਤੇ ਇਸ ਨੂੰ ਨੁਕਸਾਨ ਪਹੁੰਚੇਗਾ, ਕਿਉਂ ਜੋ ਹੁਣ ਤਾਂ ਇਸ ਦਾ ਤੰਦਨ ਤਾਣਾ ਕੌਡੀਏ ਖੇਸ ਵਾਂਗ ਇਸ ਤਰ੍ਹਾਂ ਦਾ ਉਣਿਆ ਹੋਇਆ ਹੈ ਜੋ ਕਈ ਮੋਨੇ ਸਿੱਖਾਂ ਦੇ ਤਾਂ ਸਿੱਖ ਮੋਨਿਆਂ ਦੇ ਕੁੜਮਾਈਆਂ ਕਰਕੇ ਫਿਰ ਬ੍ਰਾਦਰੀ ਦੇ ਭਾਈ ਬਣੇ ਰਹਿੰਦੇ ਹਨ, ਪ੍ਰੰਤੂ ਜਦ ਇਹ ਖ਼ਯਾਲ ਪੈਦਾ ਹੋ ਗਏ ਕਿ ਦੂਸਰੀ ਕੌਮ ਦੇ ਨਾਲ ਸੰਬੰਧ ਕਰਨਾ ਇਕ ਪਾਪ ਹੁੰਦਾ ਹੈ ਤਦ ਸਭ ਕਾਰਜ ਰਹ ਜਾਨ ਤੇ ਨੁਕਸਾਨ ਹੋਵੇਗਾ, ਪ੍ਰੰਤੂ ਵਿਚਾਰ ਕੇ ਦੇਖਨ ਤੇ ਇਹ ਬਾਤ ਅੰਤ ਨੂੰ ਸੁਖਦਾਈ ਹੋ ਸਕਦੀ ਹੈ, ਕਿਉਂਕਿ ਇਹ ਬਾਤ ਆਮ ਪ੍ਰਸਿੱਧ ਹੈ ਕਿ ਜਿਤਨਾ ਚਿਰ ਮੱਖਨ ਨੂੰ ਦੁੱਧ ਵਿੱਚੋਂ ਰੜਕ ਕੇ ਜੁਦਾ ਨਹੀਂ ਕੀਤਾ ਜਾਂਦਾ ਉਤਨਾ ਚਿਰ ਉਸ ਦੀ ਜ਼ਿੰਦਗੀ ਅਟਲ ਕਦੇ ਭੀ ਨਹੀਂ ਰਹ ਸਕਦੀ ਅਰਥਾਤ ਜੇ ਉਹ ਮੱਖਨ ਲੱਸੀ ਦੇ ਵਿਚ ਹੀ ਛੱਡਿਆ ਜਾਏ ਤਦ ਕੁਛ ਦੇਰ ਤਕ ਤਾਂ ਭਾਵੇਂ ਚੰਗਾ ਰਹੇ ਕਿੰਤੂ ਥੋੜਾ ਸ ਗੁਜ਼ਰਨ ਤੇ ਉਸ ਦੇ ਵਿਚ ਅਜੇਹੀ ਖਟਾਈ ਪੈਦਾ ਹੋ ਜਾਏਗੀ ਜੋ ਫਿਰ ਖਾਣ ਦੇ ਜੋਗ ਨਹੀਂ ਰਹਿੰਦਾ ਅਰ ਨਾ ਉਹ ਬਹੁਤ ਦੇਰ ਤੱਕ ਰਹ ਹੀ ਸਕਦਾ ਹੈ ਜਿਸ ਤੇ ਲੋਗ ਉਸ ਦੇ ਚਿਰੰਕਾਲ ਤੱਕ ਸ਼ੁੱਧ ਰਹਨੇ ਦੇ ਕਾਰਨ ਉਸ ਵਿੱਚੋਂ ਤਾਇ-ਤਾਇ ਕੇ ਲੱਸੀ ਦੀ ਅੰਸ਼ ਮਾਤ੍ਰ ਨੂੰ ਭੀ ਰਹਨ ਨਹੀਂ ਦੇਂਦੇ ਅਰ ਇਹ ਖਯਾਲ ਕਰਦੇ ਹਨ ਕਿ ਜੋ ਇਸ ਵਿਚ ਕੁਝ ਭੀ ਲੱਸੀ ਦੀ ਮਿਲਾਵਟ ਰਹ ਗਈ ਤਦ ਇਹ ਛੇਤੀ ਹੀ ਬਿਗੜ ਜਾਏਗਾ।

ਇਸੀ ਪ੍ਰਕਾਰ ਅਸੀਂ ਵੱਡੇ ਦਾਹਵੇ ਨਾਲ ਆਖਦੇ ਹਾਂ ਕਿ ਜੇਕਰ ਖਾਲਸਾ ਪੰਥ ਭੀ ਇਸ ਖਯਾਲ ਨਾਲ ਕਿ ਇਹ ਹਿੰਦੂ ਕੌਮ ਵਿੱਚੋਂ ਹੀ ਪੈਦਾ ਹੋਇਆ ਹੈ ਇਸ ਵਾਸਤੇ ਇਸ ਨੂੰ ਹਿੰਦੂਆਂ ਨਾਲ ਹੀ ਮਿਲਯਾ ਰਹਨਾ ਇਸ ਦੀ ਅਟਲਤਾ ਹੈ ਸੋ ਬਿਲਕੁਲ ਠੀਕ ਨਹੀਂ ਹੈ, ਕਿਉਂਕਿ ਇਸ ਖਯਾਲ ਦੇ ਪ੍ਰਤਾਪ ਇਕ ਸੌ ਸਾਲ ਤੇ ਅੰਦਰ-ਅੰਦਰ ਹੀ ਇਸ ਕੌਮ ਦਾ ਨਾਸ਼ ਹੋ ਜਾਏਗਾ। ਇਸ ਵਾਸਤੇ ਐ ਪੰਥ ਹਿਤੈਸ਼ੀ ਸੱਜਨ ਜਨੋਂ! ਤੁਸੀਂ ਦੇਖੋ ਅਪਨੇ ਨਾਲ ਦੀਆਂ ਕੌਮਾਂ ਦੇ ਹਾਲਾਤਾਂ ਨੂੰ ਜੋ ਯਹੂਦੀ ਕੌਮ ਵਿੱਚੋਂ ਨਿਕਲ ਕੇ ਈਸਾਈ ਅਤੇ ਮੁਸਲਮਾਨ ਕੌਮਾਂ ਕਿਸ ਤਰ੍ਹਾਂ ਸੰਸਾਰ ਪਰ ਅਟਲ ਹੋ ਗਈਆਂ ਹਨ। ਜੇਕਰ ਇਨ੍ਹਾਂ ਦੋਨਾਂ ਕੌਮਾਂ ਦੇ ਮਨਾਂ ਵਿਚ ਭੀ ਗੁਲਾਮ ਖਾਲਸਾ ਜੇਹੇ ਖ਼ਯਾਲ ਹੁੰਦੇ ਤਦ ਨਿਸਚੇ ਕਰਕੇ ਜਾਣੋ ਜੋ ਇਹ ਕਦੇ ਭੀ ਸੰਸਾਰ ਪਰ ਜ਼ਿੰਦਾ ਨਾ ਰਹਿੰਦੀਆਂ, ਕਿੰਤੂ ਅਜੇ ਤੱਕ ਹਜ਼ਰਤ ਮਸੀਹ ਅਤੇ ਮੁਹੰਮਦ ਸਾਹਿਬ ਦਾ ਨਾਮ ਤੱਕ ਭੀ ਨਾ ਰਹਿੰਦਾ, ਪਰ ਦੇਖੋ ਇਨ੍ਹਾਂ ਕੌਮਾਂ ਦੇ ਸੱਚੇ ਧਾਰਮਕ ਹਿਤੈਸ਼ੀਆਂ ਦੇ ਪੁਰਖਾਰਥ ਵੱਲ ਜੋ ਇਨ੍ਹਾਂ ਨੇ ਹਜ਼ਾਰਾਂ ਕਲੇਸ਼ ਅਪਨੇ ਉੱਪਰ ਸਹਾਰ ਕੇ ਭੀ ਅਪਨੇ ਨਬੀਆਂ ਅਤੇ ਅਵਤਾਰਾਂ ਦੇ ਨਾਮ ਨੂੰ ਹਮੇਸ਼ਾ ਦੇ ਲਈ ਜ਼ਿੰਦੇ ਰੱਖਣ ਵਾਸਤੇ ਅਪਨੀ ਕੌਮ ਨੂੰ ਜੁਦਾ ਕਰਕੇ ਜਗਤ ਵਿਚ ਫੈਲਾਇਆ ਹੈ। ਆਸ਼ਾ ਪੈਂਦੀ ਹੈ ਜੋ ਤੁਸੀਂ ਭੀ ਹੁਨ ਸੁੱਤੇ ਨਹੀਂ ਰਹੋਗੇ ਕਿੰਤੂ ਜ਼ਰੂਰ ਹੀ ਅਪਨੇ ਬਚਨੇ ਲਈ ਇਨ੍ਹਾਂ ਦੀ ਰੀਸ ਕਰੋਗੇ।

(ਖ਼ਾਲਸਾ ਅਖ਼ਬਾਰ ਲਾਹੌਰ, ੧੭ ਅਪ੍ਰੈਲ ੧੯੦੧ , ੩ ਪੰਨਾ)



ਗਿ. ਗੁਰਜੀਤ ਸਿੰਘ ਪਟਿਆਲਾ, ਮੁੱਖ ਸੰਪਾਦਕ

# ਆਤਪਤੁ

ਆਮ ਬੋਲ ਚਾਲ ਦੇ ਵਿੱਚ ਬਿਲਕੁਲ ਵੀ ਵਰਤੋਂ ਨਾ ਹੋਣ ਵਾਲਾ ਸ਼ਬਦ 'ਆਤਪਤੁ' ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਗੁਰਬਾਣੀ ਦੇ ਵਿੱਚ ਇੱਕੋ ਵਾਰ ਆਇਆ ਹੈ। ਗੁਰੂ ਸਾਹਿਬਾਨ ਦੀ ਮਹਿਮਾ ਦੇ ਵਿੱਚ ਉਚਾਰਨ ਭੱਟਾਂ ਦੇ ਸਵਈਏ ਜੋ ਸੱਚਖੰਡ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਵਿਖੇ ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਦੇ ਸਮੇਂ ਪੜੇ ਜਾਂਦੇ ਹਨ ਉਹਨਾਂ ਦੇ ਵਿੱਚ ਆਤਪਤ ਸ਼ਬਦ ਦਰਜ ਹੈ।

ਚੌਥੇ ਪਾਤਸ਼ਾਹ ਦੇ ਗੁਣਾਂ ਦੀ ਮਹਿਮਾ ਬਿਆਨ ਕਰਦਿਆਂ ਭੱਟ ਸਲ੍ਹ ਜੀ ਆਖਦੇ ਨੇ ਕਿ ਹੇ ਗੁਰੂ ਰਾਮਦਾਸ ਜੀ! ਆਪ ਜੀ ਨੇ ਮੋਹ ਨੂੰ ਮਲ ਕੇ ਚੰਗੀ ਤਰ੍ਹਾਂ ਦੇ ਨਾਲ ਕਾਬੂ ਕਰ ਲਿਆ, ਕਾਮ ਨੂੰ ਕੇਸਾਂ ਤੋਂ ਫੜ ਕੇ ਪਟਕਾ ਕੇ ਭੁੰਜੇ ਮਾਰਿਆ ਹੈ। ਕ੍ਰੋਧ ਨੂੰ ਆਪਣੇ ਤੇਜ਼ ਪ੍ਰਤਾਪ ਦੇ ਨਾਲ ਟੋਟੇ ਟੋਟੇ ਕਰ ਦਿੱਤਾ ਹੈ, ਲੋਭ ਨੂੰ ਆਪ ਜੀ ਨੇ ਨਿਰਾਦਰੀ ਦੇ ਨਾਲ ਪਰੇ ਦੁਰਕਾਰਿਆ ਹੈ। ਜਨਮ ਤੇ ਮਰਨ ਹੱਥ ਜੋੜ ਕੇ ਜੋ ਵੀ ਆਪ ਜੀ ਦਾ ਹੁਕਮ ਹੁੰਦਾ ਹੈ, ਮੰਨਦੇ ਹਨ। ਆਪ ਜੀ ਜੋ ਹਮੇਸ਼ਾ ਪ੍ਰਸੰਨ ਰਹਿਣ ਵਾਲੇ ਹੋ, ਭਵ- ਸਾਗਰ ਦੇ ਉੱਪਰ ਪੁਲ ਬੰਨਿਆ ਹੈ, ਤੇ ਸਾਰੇ ਸਿੱਖ ਤਾਰ ਦਿੱਤੇ ਹਨ। ਤੁਹਾਡੇ ਸਿਰ ਦੇ ਉੱਪਰ 'ਆਤਾਪਤ', ਆਪ ਜੀ ਦਾ ਤਖਤ ਸਦਾ ਥਿਰ ਹੈ, ਆਪ ਰਾਜ ਅਤੇ ਯੋਗ ਦੋਨੋਂ ਮਾਣਦੇ ਹੋ ਬੜੇ ਬਲੀ ਹੋ, ਹੇ ਸਲ ਕਵੀ! ਤੂੰ ਸੱਚ ਆਖ ਇਹ ਗੁਰੂ ਰਾਮਦਾਸ ਤੁਸੀ ਅਟੱਲ ਰਾਜ ਵਾਲਾ ਤੇ ਦੈਵੀ ਸੰਪਤਾ ਰੂਪ ਨਾ ਨਾਸ ਹੋਣ ਵਾਲੀ ਫੌਜ ਵਾਲੇ ਹੋ;

ਮੋਹੁ ਮਲਿ ਬਿਵਸਿ ਕੀਅਉ ਕਾਮੁ ਗਹਿ ਕੇਸ ਪਛਾੜ੍ਉ ॥
ਕ੍ਰੋਧੁ ਖੰਡਿ ਪਰਚੰਡਿ ਲੋਭੁ ਅਪਮਾਨ ਸਿਉ ਝਾੜ੍ਉ ॥
ਜਨਮੁ ਕਾਲੁ ਕਰਿ ਜੋੜਿ ਹੁਕਮੁ ਜੋ ਹੋਇ ਸੁ ਮੰਨੈ ॥
ਭਵ ਸਾਗਰੁ ਬੰਧਿਅਉ ਸਿਖ ਤਾਰੇ ਸੁਪ੍ਰਸੰਨੈ ॥
ਸਿਰਿ ਆਤਪਤੁ ਸਚੌ ਤਖਤੁ ਜੋਗ ਭੋਗ ਸੰਜੁਤੁ ਬਲਿ ॥
ਗੁਰ ਰਾਮਦਾਸ ਸਚੁ ਸਲ੍ ਭਣਿ ਤੂ ਅਟਲੁ ਰਾਜਿ ਅਭਗੁ ਦਲਿ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, 1406)

ਭਾਈ ਕਾਨ੍ਹ ਸਿੰਘ ਨਾਭਾ 'ਮਹਾਨ ਕੋਸ਼' ਦੇ ਵਿੱਚ ਆਤਪਤ ਨੂੰ ਸੰਸਕ੍ਰਿਤ ਦਾ ਸ਼ਬਦ ਮੰਨਦੇ ਹਨ, ਆਤਪ ਧੁਪ ਤ੍ਰ ਬਚਾਉਣ ਵਾਲੀ ਛਤਰੀ, ਰਾਜ ਦਾ ਚਿੰਨ੍ਹ ਰੂਪੀ ਛਤਰ ਕਰਦੇ ਹਨ। ਭਾਈ ਵੀਰ ਸਿੰਘ ਤੇ ਡਾਕਟਰ ਗੁਰਚਰਨ ਸਿੰਘ ਆਪਣੇ ਆਪਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ ਦੇ ਵਿੱਚ ਵੀ ਭਾਈ ਕਾਨ ਸਿੰਘ ਨਾਭਾ ਦੇ ਨਾਲ ਮਿਲਦੇ ਅਰਥ ਹੀ ਲਿਖਦੇ ਹਨ: ਪ੍ਰੋਫੈਸਰ ਸਾਹਿਬ ਸਿੰਘ 'ਗੁਰਬਾਣੀ ਪਾਠ ਦਰਪਣ' ਦੇ ਵਿੱਚ ਇਸ ਦੇ ਅਰਥ ਛਤਰ ਕਰਦੇ ਹਨ।

ਆਤਪਤੁ: ਆਸਰਾ ਤਪਤੁ ਦਾ ਸੰਖੇਪ ਹੈ।

ਇੱਕੋ ਸੂਰਜ ਦੇ ਕਰਕੇ ਅਨੇਕਾਂ ਰੁੱਤਾਂ ਬਣ ਜਾਂਦੀਆਂ ਹਨ, ਉਹਨਾਂ ਰੁੱਤਾਂ ਦੇ ਵਿੱਚੋਂ ਗ੍ਰੀਖਮ ਦੀ ਰੁੱਤ ਸੂਰਜ ਦੀਆਂ ਕਿਰਨਾਂ ਧਰਤੀ ਤਪਣ ਲਾ ਦਿੰਦੀਆਂ, ਸਉਣ ਤੇ ਭਾਦੋਂ ਦੇ ਮਹੀਨੇ ਦੀ ਵਰਖਾ ਪੈਦਲ ਚੱਲਣ ਵਾਲੇ ਦੇ ਸਰੀਰ ਦੇ ਕੱਪੜਿਆਂ ਨੂੰ ਗਿੱਲਾ ਕਰ ਦਿੰਦੀ ਹੈ। ਵਰਖਾ ਦੀਆਂ ਕਣੀਆਂ ਤੋਂ ਆਪਣੇ ਕੱਪੜਿਆਂ ਨੂੰ ਬਚਾਉਣ ਵਾਸਤੇ ਤੇ ਮਨੁੱਖ ਛਤਰੀ ਚੁੱਕ ਲੈਂਦੇ ਨੇ, ਪਰ ਸੂਰਜ ਦੀਆਂ ਤਪਦੀਆਂ ਕਿਰਨਾਂ ਵੀ ਮਨੁੱਖੀ ਸਰੀਰ ਦੇ ਉੱਪਰ ਕਈ ਤਰ੍ਹਾਂ ਦੇ ਪ੍ਰਭਾਵ ਛੱਡਦੀਆਂ ਹਨ। ਆਤਪਤੁ ਗਰਮ ਕਿਰਨਾਂ ਤੋਂ ਮਨੁੱਖ ਨੂੰ ਬਚਾਉਂਦਾ ਹੈ:

ਦੂਸਰੇ ਦੇ ਫਿੱਕੇ, ਕ੍ਰੋਧ ਨਾਲ ਭਰੇ ਹੋਏ ਜਾਂ ਨਿੰਦਿਆ ਵਾਲੇ ਬਚਨ ਵੀ ਮਨੁੱਖ ਨੂੰ ਤਪਾ ਕੇ ਰੱਖ ਦਿੰਦੇ ਹਨ, ਪਰ ਹੇ ਗੁਰੂ ਰਾਮਦਾਸ ਜੀ! ਤੁਹਾਡੇ ਸਿਰ ਦੇ ਉੱਪਰ ਸਚਾ ਆਤਪਤੁ ਹੈ ਜਿਸ ਕਰਕੇ ਤੁਸੀਂ ਦੂਸਰੇ ਦੇ ਬੋਲਾਂ ਕਰਕੇ ਤਪਦੇ ਨਹੀਂ ਹੋ!!

# ਦਾਨ ਦੀਓ ਇਨਹੀ ਕੋ ਭਲੋ

ਉਪ੍ਰੋਕਤ ਬਚਨ ਦਸਮ ਪਾਤਿਸ਼ਾਹ ਜੀ ਨੇ, 1699 ਦੀ ਵੈਸਾਖੀ ਦੇ ਮਹਾਨ ਕਾਰਜ ਉਪ੍ਰੰਤ, ਬ੍ਰਾਹਮਣਾਂ ਵੱਲੋਂ ਕੀਤੇ ਗਏ ਇਤਰਾਜ ਦੇ ਜਵਾਬ ਵਿਚ ਉਚਾਰੇ ਸਨ।

ਧਰਮ ਦੀ ਦੁਨੀਆ ਅੰਦਰ ਮਨੁਖੀ ਭਲਾਈ ਹਿਤ, ਆਪਣੀ ਕਮਾਈ ਵਿਚੋਂ ਕੁਝ ਹਿੱਸਾ ਕੱਢਣ ਦੀ ਮਰਯਾਦਾ ਸ਼ਾਇਦ ਧਰਮ ਦੀ ਸੋਚ ਦੇ ਨਾਲ਼ ਹੀ ਤੁਰੀ ਆਈ ਹੈ। ਦਾਨ ਦੇਣਾ ਅਤੇ ਉਸ ਨੂੰ ਲੈ ਕੇ ਲੋਕ ਭਲਾਈ ਦੇ ਕਾਰਜਾਂ ਵਾਸਤੇ ਖਰਚਣਾ, ਇਹ ਮਨੁਖੀ ਮਨੋਬਿਰਤੀ ਦਾ ਹਿੱਸਾ ਹੀ ਚਲਿਆ ਆ ਰਿਹਾ ਹੈ। ਗੁਰੂ ਸਾਹਿਬਾਨ ਨੇ ਆਪਣੇ ਸਿੱਖਾਂ ਨੂੰ, 'ਨਾਮ, ਦਾਨ, ਇਸਨਾਨ' ਦੀ ਪ੍ਰੇਰਨਾ ਕੀਤੀ ਸੀ। ਆਦਿ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇਸ ਤ੍ਰੈਮੁਖੀ ਸਿਖਿਆ ਨੂੰ
ਭਾਈ ਗੁਰਦਾਸ ਜੀ ਨੇ ਇਉਂ ਬਿਆਨਿਆ ਹੈ:

'ਨਾਮੁ ਦਾਨੁ ਇਸਨਾਨੁ ਦ੍ਰਿੜਾਇਆ ॥

ਜਿਸ ਤਰ੍ਹਾਂ ਸਰੀਰਕ ਤੰਦਰੁਸਤੀ ਤੇ ਸਫਾਈ ਵਾਸਤੇ ਇਸ਼ਨਾਨ ਜਰੂਰੀ ਹੈ ਅਤੇ ਆਤਮਾ ਦੀ ਤੰਦਰੁਸਤੀ ਵਾਸਤੇ ਨਾਮ ਦੀ ਜਰੂਰਤ ਹੈ, ਏਸੇ ਤਰ੍ਹਾਂ ਧਨ ਦੀ ਪਵਿਤਰਤਾ ਵਾਸਤੇ, ਆਪਣੀ ਧਰਮ ਦੀ ਕਿਰਤ ਵਿਚੋਂ ਦਾਨ ਦੇਣਾ ਵੀ ਜਰੂਰੀ ਹੈ। ਗੁਰੂ ਸਾਹਿਬਾਨ ਦੇ ਚਲਾਏ 'ਗੁਰਮੁਖ ਗਾਡੀ ਰਾਹ' ਅਨੁਸਾਰ ਇਹ ਸੁਖਾਲਾ ਧਰਮ ਦਾ ਮਾਰਗ ਹੈ ਜਿਸ ਨੂੰ ਹਰੇਕ ਪਰਾਣੀ ਵੱਡਾ ਛੋਟਾ, ਅਮੀਰ ਗਰੀਬ, ਪੜਿ ਆ ਅਨਪੜ੍ਹ, ਆਦਿ ਸਾਰੇ ਹੀ ਕਰ ਸਕਦੇ ਹਨ।

ਸਤਿਗੁਰੂ ਜੀ ਨੇ ਆਪਣੀ ਧਰਮ ਦੀ ਕਿਰਤ ਵਿਚੋਂ, ਗੁਰਸਿੱਖ ਨੂੰ ਦਸਵੰਧ ਧਰਮ ਖਾਤਰ ਦੇਣ ਦਾ ਹੁਕਮ ਕੀਤਾ ਹੈ। ਗੁਰੂ ਸਾਹਿਬਾਨ ਦੇ ਸਮੇ ਗੁਰਸਿੱਖ ਅਜਿਹੀ ਦਸਵੰਧ ਦੀ ਭੇਟਾ ਆਪਣੇ ਇਲਾਕੇ ਦੇ ਮੁਖੀ ਸਿੱਖ ਨਾਲ ਗੁਰੂ ਕੇ ਹਜ਼ੂਰ, ਹਰ ਛਿਮਾਹੀ ਪੁਚਾਇਆ ਕਰਦੇ ਸਨ। ਉਹਨਾਂ ਮੁਖੀ ਸਿੱਖਾਂ ਨੂੰ ਗੁਰੂ ਰਾਮਦਾਸ ਜੀ ਦੇ ਸਮੇ ਮਸੰਦ ਆਖਿਆ ਜਾਂਦਾ ਸੀ। ਸਮਾ ਪਾ ਕੇ ਇਹਨਾਂ ਮਸੰਦਾਂ ਵਿਚੋਂ ਬਹੁਤੇ ਭ੍ਰਿਸ਼ਟ ਹੋ ਗਏ ਤੇ ਦਸਵੇਂ ਗੁਰੂ ਜੀ ਨੇ ਇਹਨਾਂ ਨੂੰ ਢੁਕਵੀਂ ਸਜਾ ਦੇ ਕੇ, ਇਸ ਪ੍ਰਥਾ ਨੂੰ ਸਮਾਪਤ ਕਰ ਕੇ, ਸਾਰੀ ਸੰਗਤ, ਆਪਣੇ ਨਾਲ ਸਿਧੀ ਹੀ ਜੋੜ ਲਈ ਸੀ। ਇਸ ਘਟਨਾ ਨੂੰ ਕਿਸੇ ਕਵੀ ਨੇ, ÷ਗੁਰ ਸੰਗਤ ਕੀਨੀ ਖਾਲਸਾ ਮਨਮੁਖੀ ਦੁਹੇਲਾ ॥÷ ਆਖ ਕੇ ਕਲਮਬੰਦ ਕੀਤਾ ਸੀ।

ਰਹਿਤਨਾਮੇ ਵਿਚ ਵੀ ਇਸ ਤਰ੍ਹਾਂ ਅੰਕਤ ਹੈ:

ਦਸਵੰਧ ਗੁਰੂ ਨਹਿ ਦੇਵਈ ਛਲ ਕਾ ਕਰੈ ਵਾਪਾਰ ॥
ਕਹੈ ਗੋਬਿੰਦ ਸਿੰਘ ਨੰਦ ਲਾਲ ਜੀ ਦਰਗਹਿ ਹੋਇ ਖੁਆਰ ॥

ਇਕ ਗੱਲ ਸਪੱਸ਼ਟ ਕਰ ਲਈ ਜਾਵੇ ਕਿ ਦਾਨ ਅਤੇ ਭੇਟਾ ਵਿਚ ਫਰਕ ਹੈ। ਦਾਨ ਵੱਡੇ ਤੇ ਸਮਰੱਥ ਵੱਲੋਂ ਛੋਟੇ ਤੇ ਲਾਚਾਰ ਨੂੰ, ਉਸ ਦੀ ਸਹਾਇਤਾ ਲਈ ਦਿਤਾ ਜਾਂਦਾ ਹੈ। ਜੋ ਅਸੀਂ ਗੁਰੂ ਜੀ ਨੂੰ ਜਾਂ ਕਿਸੇ ਵੱਡੀ ਹਸਤੀ ਨੂੰ ਦਿੰਦੇ ਹਾਂ ਉਹ ਭੇਟਾ ਹੈ। ਦਾਨ ਦੇਣ ਵਾਲੇ ਵਿਚ ਹਉਮੈ ਪੈਦਾ ਹੋ ਸਕਦੀ ਹੈ ਪਰ ਭੇਟਾ ਦੇਣ ਵਾਲ਼ੇ ਵਿਚ ਹਉਮੈ ਦੀ ਬਜਾਇ ਨਿਮਰਤਾ ਦਾ ਸੰਚਾਰ ਹੁੰਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਫੁਰਮਾਨ ਹੈ:

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥੪੬॥ (ਅੰਗ 1428)

ਅਰਥਾਤ ਸਭ ਤਰ੍ਹਾਂ ਦੇ ਧਾਰਮਿਕ ਕਰਮ ਕਰਨ ਨਾਲ ਜੇ ਹਿਰਦੇ ਵਿਚ ਹੰਕਾਰ ਆ ਗਿਆ ਤਾਂ ਹਾਥੀ ਦੇ ਇਸ਼ਨਾਨ ਵਾਂਗ ਇਹ ਸਾਰਾ ਧਰਮ ਕਮਾਇਆ ਵੀ ਬੇਕਾਰ ਹੀ ਚਲਿਆ ਜਾਵੇਗਾ। ਹਾਥੀ ਨੂੰ ਭਾਵੇਂ ਕਿੰਨਾ ਵੀ ਨਵਾ ਲਈਏ; ਜਦੋਂ ਹੀ ਉਸ ਨੂੰ ਛੱਡਿਆ ਜਾਵੇ ਤਾਂ ਉਹ ਆਪਣੀ ਸੁੰਡ ਨਾਲ ਖੇਹ ਉਡਾ ਕੇ ਆਪਣੇ ਉਪਰ ਪਾ ਲੈਂਦਾ ਹੈ। ਇਸ ਤਰ੍ਹਾਂ ਉਸ ਦਾ ਨਹਾਉਣਾ ਬਿਰਥਾ ਹੀ ਚਲਿਆ ਜਾਂਦਾ ਹੈ। ਏਹੋ ਹਾਲ ਹੰਕਾਰੀ ਦਾਨੀ ਦਾ ਹੁੰਦਾ ਹੈ।

ਜਦੋਂ ਗੁਰੂ ਜੀ ਦੀ ਮੰਗ 'ਤੇ ਪੰਜ ਸਿੱਖਾਂ ਨੇ ਆਪਣੇ ਸਿਰ ਭੇਟਾ ਕੀਤੇ ਸਨ ਓਦੋਂ ਗੁਰੂ ਜੀ ਨੇ, ਖੁਦ ਵੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਵਾਸਤੇ, ਉਹਨਾਂ ਪੰਜ ਸਿੰਘਾਂ ਨੂੰ ਕੁਝ ਬਚਨ ਬੋਲੇ ਸਨ. ਜਿਹਨਾਂ ਨੂੰ ਕਿਸੇ ਕਵੀ ਨੇ ਇਉਂ
ਬਿਆਨਿਆ ਹੈ:

ਦਾਨ ਤੋ ਨਾ ਦੇ ਸਕੂ ਭੇਟਾ ਮਨਜ਼ੂਰ ਕਰੋ,
ਸੁਣੋ ਦਇਆ ਸਿੰਘ ਜੋ ਜੋ ਭੇਟ ਮੈ ਚੜਾਊਂਗਾ।

ਸੰਸਾਰ ਭਰ ਵਿਚ ਆਲੀਸ਼ਾਨ ਗੁਰਦੁਆਰਾ ਸਾਹਿਬਾਨ, ਸਕੂਲ, ਕਾਲਜ, ਧਰਮਸਾਲਾਵਾਂ ਪਿੰਗਲਵਾੜੇ ਆਦਿ ਵਰਗੇ ਅਦਾਰੇ ਵਜੂਦ ਵਿਚ ਆਏ ਹਨ, ਇਹ ਸਭ ਧਰਮੀ ਸਿੱਖਾਂ ਦੀ ਕਿਰਤ ਕਮਾਈ ਵਿਚੋਂ ਦਿਤੀ ਗਈ ਉਗਰਾਹੀ, ਭੇਟਾ ਆਦਿ ਦਾ ਸਦਕਾ ਹੀ ਉਸਰੇ ਹਨ।

ਇਹ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਣ ਹੈ:

ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥ਅਕਲੀ ਪੜਿ ਕੈ ਬੁਝੀਐ ਅਕਲੀ ਕੀਚੈ ਦਾਨੁ ॥ (ਅੰਗ 1245)

ਇਸ ਲਈ ਦਾਨ ਦੇਣ ਸਮੇ ਵੀ ਸਮਝਦਾਰੀ ਤੋਂ ਕੰਮ ਲੈਣਾ ਚਾਹੀਦਾ ਹੈ।

ਜੋ ਅਸੀਂ ਸ਼ੁਭ ਕਾਰਜ ਸਮਝ ਕੇ, ਆਪਣੀ ਦਸਾਂ ਨੌਹਾਂ ਦੀ ਕਿਰਤ ਵਿਚੋਂ, ਜਿਸ ਨੂੰ ਦੇ ਰਹੇ ਹਾਂ ਕੀ ਉਹ ਇਸ ਦਾ ਅਧਿਕਾਰੀ ਵੀ ਹੈ! ਸਾਡੀ ਕਮਾਈ ਉਪਰ ਕੇਵਲ ਸਾਡੇ ਪਰਵਾਰ ਦਾ ਹੀ ਅਧਿਕਾਰ ਹੈ। ਇਸ ਲਈ ਆਪਣੇ ਪਰਵਾਰ ਤੋਂ ਬਾਹਰ ਦੇਣ ਸਮੇ, ਅਧਿਕਾਰੀ ਅਤੇ ਅਣਅਧਿਕਾਰੀ ਦਾ ਵਿਚਾਰ ਜਰੂਰ ਕਰ ਲੈਣਾ ਚਾਹੀਦਾ ਹੈ। ਹਾਂ, ਅਜਿਹਾ ਉਹਨਾਂ ਨੂੰ ਸੋਚਣ ਦੀ ਲੋੜ ਨਹੀ ਜਿਨ੍ਹਾਂ ਦੇ ਪਾਸ ਅਣਕਮਾਏ ਧਨ ਦੀ ਬਹੁਤਾਤ ਹੈ।

ਇਹ ਸਚਾਈ ਹਰੇਕ ਗੁਰਸਿੱਖ ਨੂੰ ਜਰੂਰ ਯਾਦ ਰੱਖਣੀ ਚਾਹੀਦੀ ਹੈ ਕਿ ਹਰੇਕ ਦੇਸ਼, ਸ਼ਹਿਰ, ਪਿੰਡ ਆਦਿ ਵਿਚ ਗੁਰਧਾਮਾਂ ਦੀ ਉਸਾਰੀ ਉਸ ਦੀ ਕਿਰਤ ਕਮਾਈ ਵਿਚੋਂ ਦਿਤੀ ਗਈ ਉਗ੍ਰਾਹੀ ਸਰੂਪ ਭੇਟਾ ਦਾ ਸਦਕਾ ਹੀ ਹੋਈ ਹੈ। ਇਹ ਸੰਸਥਾਵਾਂ ਸਿੱਖ ਸੰਗਤਾਂ ਦੀ ਸਰਬਪੱਖੀ ਅਗਵਾਈ ਕਰ ਰਹੀਆਂ ਹਨ। ਇਸ ਲਈ ਇਹਨਾਂ ਦੇ ਵਸੀਲਿਆਂ ਦੀ ਵਰਤੋਂ, ਕੇਵਲ ਤੇ ਕੇਵਲ, ਗੁਰੂ ਆਸ਼ੇ ਅਨੁਸਾਰ, ਮਨੁਖਤਾ ਦੀ ਭਲਾਈ ਵਾਸਤੇ ਹੀ ਹੋਣੀ ਚਾਹੀਦੀ ਹੈ। ਨਿਜੀ ਚੌਧਰ, ਆਰਥਿਕ, ਰਾਜਨੀਤਕ ਲਾਭ, ਫੋਕੀ ਸ਼ੋਹਰਤ ਦੀ ਪਰਾਪਤੀ ਵਾਸਤੇ ਇਹਨਾਂ ਸੰਸਥਾਵਾਂ ਦੀ ਪਤੁੱਲ ਵਜੋਂ ਦੁਰਵਰਤੋਂ ਕਰਨੀ ਭ੍ਰਿਸ਼ਟਾਚਾਰ ਹੈ।

-ਗਿ. ਸੰਤੋਖ ਸਿੰਘ ਆਸਟਰੇਲੀਆ

# ਸੰਗਤ ਵਿਚ ਕਿੰਞ ਬੈਠੀਏ

ਸੰਗਤ ਵਿਚ ਬੈਠਣ ਦਾ ਆਪਣਾ ਇਕ ਢੰਗ ਹੈ:

ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ ॥
(ਅੰਗ ੪੮੬)

ਹੁਣ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ ਸਮਝਾਂਦੀ ਏ ਸਾਨੂੰ ਕਿ ਸੰਗਤ ਵਿਚ ਕਿਵੇਂ ਬੈਠਣਾ ਹੈ ?ਕਿਵੇਂ ਪੜ੍ਹਨਾ ਹੈ ?ਕਿਵੇਂ ਜਪਣਾ ਹੈ ? ਸੋ ਪ੍ਰਿਥਮ ਬੈਠਣ ਦੀ ਗੱਲ ਹੈ; ਜਪਣ ਦੀ ਗੱਲ ਬਾਅਦ ਵਿੱਚ। ਬੈਠਣਾ ਕਿਵੇਂ ਹੈ:

ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ ॥

ਮੈਂ ਇਹ ਹੀ ਨਹੀਂ ਕਹਿੰਦਾ ਕਿ ਚੌਂਕੜਾ ਮਾਰ ਕੇ ਬੈਠੋ; ਕਤਈ ਨਹੀਂ ਕਹਾਂਗਾ। ਜਿਵੇਂ ਤੁਹਾਨੂੰ ਸਹੂਲੀਅਤ ਹੈ; ਉਵੇਂ ਬੈਠੋ। ਕਈ ਦਫ਼ਾ ਅਨੇਕਾਂ ਸਰੀਰਕ ਸਮੱਸਿਆਵਾਂ ਹੁੰਦੀਆਂ ਹਨ। ਬੈਠਿਆਂ ਬੈਠਿਆਂ ਚੌਂਕੜਾ ਮਾਰ ਕੇ ਸਰੀਰ ਥੱਕ ਵੀ ਜਾਂਦਾ ਹੈ। ਮਨੁੱਖ ਆਪਣਾ ਆਸਣ ਬਦਲ ਵੀ ਸਕਦਾ ਹੈ, ਲੇਕਿਨ ਇਥੇ ਜੋ ਢੰਗ ਦੱਸਿਆ ਗਿਆ ਹੈ:

ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ ॥

ਜਿਵੇਂ ਸ਼ਹਿਦ ਦੀ ਮੱਖੀ, ਫੁੱਲ 'ਤੇ ਬੈਠ ਗਈ। ਰਸ ਕੱਢ ਰਹੀ ਏ। ਉਸ ਨੂੰ ਨਹੀਂ ਪਤਾ; ਕਿੰਨੀਆਂ ਮੱਖੀਆਂ ਆਈਆਂ ਤੇ ਕਿਤਨੀਆਂ ਉੱਡ ਗਈਆਂ।

ਉਹ ਮੱਖੀ ਜੁੜੀ ਹੋਈ ਏ ਮਕਰੰਦ ਵਿੱਚ। ਰਸ ਕੱਢ ਰਹੀ ਏ; ਸੁਆਦ ਮਾਣ ਰਹੀ ਏ। ਇਸ ਤਰ੍ਹਾਂ ਸੰਗਤ ਵਿਚ ਬੈਠ ਜਾਹ। ਭਾਵੇਂ ਪੰਜ ਮਿੰਟ ਬੈਠ ਪਰ ਬੈਠ ਸ਼ਹਿਦ ਦੀ ਮੱਖੀ ਦੀ ਤਰ੍ਹਾਂ। ਚੰਚਲ ਮੱਛਲੀ ਦੀ ਤਰ੍ਹਾਂ ਇਕ ਸੈਕਿੰਡ ਵੀ ਟਿਕਾਉ ਨਹੀਂ ਤੇ ਧਿਆਨ ਇਧਰ ਉਧਰ। ਤੇ ਜੇ ਅੱਠ ਘੰਟੇ ਵੀ ਤੂੰ ਬੈਠਾ ਰਿਹਾ ਤਾਂ ਕੀ ਲਾਭ ?ਬੈਠ ਪੰਜ ਮਿੰਟ ਪਰ ਬੈਠ ਸ਼ਹਿਦ ਦੀ ਮੱਖੀ ਦੀ ਤਰ੍ਹਾਂ। ਤੇਰਾ ਧਿਆਨ ਪੂਰਨ ਹੋਵੇ ਤੇ ਲਾਭ ਹੋਵੇਗਾ। ਜੈਸੇ ਤੂੰ ਜੁੜੇਂਗਾ; ਰਸ ਜੋ ਹੈ, ਬਣ ਜਾਏਗਾ। ਕਈ ਦਫ਼ਾ ਜਿਹੜੇ ਕਹਿੰਦੇ ਨੇ; ਉਸ ਦਾ ਸਮਾਂ ਘੰਟਾ ਹੋਣਾ ਚਾਹੀਦਾ ਹੈ; ਉਸ ਦਾ ਅੱਧਾ ਘੰਟਾ ਹੋਣਾ ਚਾਹੀਦਾ ਹੈ। ਮੈਂ ਦੇਖਿਆ, ਇਕ ਮਿੰਟ ਵੀ ਰਸ ਨਹੀਂ ਮਾਣਿਆ। ਉਹਨਾਂ ਦੀ ਤਰਜ਼ੇ-ਜ਼ਿੰਦਗੀ ਤੋਂ ਪਤਾ ਚੱਲ ਜਾਂਦਾ ਹੈ। ਮਸਤਕ ਹੀ ਦੱਸਦਾ ਪਿਆ ਹੈ ਕਿ ਕੋਈ ਰਸ ਨਹੀਂ ਆਇਆ। ਰਸ ਆਇਆ ਹੋਵੇ ਤਾਂ ਫ਼ੌਰਨ ਪਤਾ ਚੱਲ ਜਾਂਦਾ ਹੈ। ਨੇਤਰ ਦੱਸ ਦਿੰਦੇ ਹਨ; ਚਿਹਰਾ ਦੱਸ ਦਿੰਦਾ ਹੈ। ਤਰਜ਼ਿ-ਜ਼ਿੰਦਗੀ ਹੀ ਦੱਸ ਦਿੰਦੀ ਹੈ। ਉੱਠਣਾ ਬੈਠਣਾ ਹੀ ਦੱਸ ਦਿੰਦਾ ਹੈ ਕਿ ਵਾਕਿਆ ਈ, ਇਹ ਮਨੁੱਖ ਧਾਰਮਿਕ ਹੈ ਤੇ ਇਹਨੇ ਕੁਝ ਰਸ ਮਾਣਿਆ ਹੈ।

ਗਿਆਨੀ ਸੰਤ ਸਿੰਘ ਜੀ ਮਸਕੀਨ

# ਗੁਰਮਤਿ ਵਿਚ ਵਰਤ ਲਈ ਕੋਈ ਥਾਂ ਨਹੀਂ

ਕਿਸੇ ਖਾਸ ਸਮੇਂ ਵਾਸਤੇ ਕਿਸੇ ਚੀਜ਼ ਨੂੰ ਨਾ ਵਰਤਣ ਦੇ ਕੀਤੇ ਗਏ ਪ੍ਰਣ ਨੂੰ ਵਰਤ ਕਿਹਾ ਜਾਂਦਾ ਹੈ।ਜ਼ਿਆਦਾਤਰ ਭੋਜਨ ਦੇ ਤਿਆਗ ਨੂੰ ਹੀ ਵਰਤ ਕਿਹਾ ਜਾਂਦਾ ਹੈ। 'ਬਾਈਬਲ' ਅਤੇ 'ਕੁਰਾਨ' ਵਿਚ ਵੀ ਕਈ ਤਰ੍ਹਾਂ ਦੇ ਵਰਤਾਂ ਦਾ ਜ਼ਿਕਰ ਵੱਖਰੇ-ਵੱਖਰੇ ਨਾਵਾਂ ਅਧੀਨ ਮਿਲਦਾ ਹੈ।ਯਹੂਦੀਆਂ ਦੇ 40 ਤੇ ਮੁਸਲਮਾਨਾਂ ਦੇ 30 ਰੋਜ਼ੇ ਮਸ਼ਹੂਰ ਵਰਤ ਹਨ। ਹਿੰਦੂ ਮੱਤ ਦੇ ਵਰਤਾਂ ਦੀ ਗਿਣਤੀ ਸਭ ਤੋਂ ਜ਼ਿਆਦਾ ਹੈ। ਇਨ੍ਹਾਂ ਦੇ ਧਾਰਮਿਕ ਗ੍ਰੰਥਾਂ ਵਿਚ ਕੋਈ ਥਿਤ ਜਾਂ ਮਹੀਨਾ ਐਸਾ ਨਹੀਂ ਹੈ, ਜਿਸ ਵਿਚ ਕਿਸੇ ਨਾ ਕਿਸੇ ਵਰਤ ਰੱਖਣ ਦੇ 'ਫਲਾ' ਦਾ ਜ਼ਿਕਰ ਨਾ ਹੋਵੇ।

ਗੁਰਮਤਿ ਵਿਚ ਵਰਤ ਵਰਗੀ ਰੀਤ ਨੂੰ ਕੋਈ ਥਾਂ ਨਹੀਂ ਹੈ, ਕਿਉਂਕਿ ਇਹ ਹਠ ਕਰਮ ਤੋਂ ਸਿਵਾਏ ਹੋਰ ਕੁਝ ਨਹੀਂ ਹੈ।ਖ਼ੁਰਾਕ ਤੋਂ ਜਿਸਮ, ਜਿਸਮ ਤੋਂ ਦਿਲ ਤੇ ਦਿਲ ਤੋਂ ਮਨ ਕੰਮ ਕਰਨ ਦੇ ਲਾਇਕ ਬਣਦਾ ਹੈ। ਇਸ ਵਾਸਤੇ ਮਨੁੱਖ ਲਈ ਭੋਜਨ ਕਰਨਾ ਅਤੀ ਜ਼ਰੂਰੀ ਹੈ।ਹਾਂ, ਸਰੀਰ ਦੀ ਤੰਦਰੁਸਤੀ ਵਾਸਤੇ ਕਿਸੇ ਸਮੇਂ ਭੋਜਨ ਨਾ ਕਰਨਾ (ਵਰਤ ਰੱਖਣਾ) ਵੱਖਰੀ ਗੱਲ ਹੈ, ਲੇਕਿਨ ਕਿਸੇ 'ਫਲਾ ਦੀ ਪ੍ਰਾਪਤੀ ਦੀ ਆਸ ਨਾਲ ਭੋਜਨ ਨਾ ਛਕਣਾ (ਵਰਤ ਰੱਖਣਾ) ਆਪਣੇ ਆਪ ਨੂੰ ਸਜ਼ਾ ਦੇਣ ਵਾਲੀ ਗੱਲ ਹੈ।ਗੁਰੂ ਨਾਨਕ ਸਾਹਿਬ ਜੀ ਫ਼ੁਰਮਾਉਂਦੇ ਹਨ-

ਅੰਨੁ ਨ ਖਾਇਆ ਸਾਦੁ ਗਵਾਇਆ ॥ਬਹੁ ਦੁਖੁ ਪਾਇਆ ਦੂਜਾ ਭਾਇਆ ॥
(ਵਾਰ ਆਸਾ ੧, ਸਲੋਕ ਮ:੧, ਪੰਨਾ ੪੬੭)

ਭਾਵ ਜਿਸ ਨੇ ਅੰਨ (ਭੋਜਨ ਛੱਡਿਆ ਹੋਇਆ ਹੈ, ਉਸ ਨੇ ਜੀਵਨ ਦਾ ਅਨੰਦ ਗੁਆਇਆ ਹੈ ਅਤੇ ਵਿਅਰਥ ਦੁੱਖ ਸਹਾਰ ਰਿਹਾ ਹੈ।ਉਸ ਨੂੰ (ਨਾਮ ਸਿਮਰਨ ਛੱਡ ਕੇ) ਇਹ ਕੰਮ ਚੰਗਾ ਲੱਗ ਰਿਹਾ ਹੈ।ਗੁਰੂ ਨਾਨਕ ਦੇਵ ਜੀ ਸਮਝਾਉਂਦੇ ਹਨ-

ਅੰਨ ਨ ਖਾਹਿ ਦੇਹੀ ਦੁਖੁ ਦੀਜੈ ॥ਬਿਨੁ ਗੁਰ ਗਿਆਨ ਤ੍ਰਿਪਤਿ ਨਹੀ ਥੀਜੈ ॥
(ਰਾਮਕਲੀ ਮ: ੧, ਅੰਗ ੯੦੫)

ਭਾਈ ਗੁਰਦਾਸ ਜੀ ਫ਼ੁਰਮਾਣ ਕਰਦੇ ਹਨ ਕਿ ਵਰਤ, ਨੇਮ ਜਾਂ ਹੋਰ ਪੁੰਨ ਵਰਗੇ ਕਰਮਕਾਂਡ ਸਭ ਪਾਖੰਡ ਗਿਣੇ ਜਾਂਦੇ ਹਨ, ਕਿਉਂਕਿ ਇਨ੍ਹਾਂ ਵਿਚ ਜੀਵ ਨੂੰ ਪ੍ਰਮਾਤਮਾ ਦੇ ਦਰਬਾਰ ਵਿਚ ਪਹੁੰਚਾਉਣ ਵਾਲੀ ਕੋਈ ਸ਼ਕਤੀ ਨਹੀਂ ਹੈ-

ਵਰਤ ਨੇਮ ਲਖ ਦਾਨ ਕਰਮ ਕਮਾਵਣਾ।
ਲਉਬਾਲੀ ਦਰਗਾਹ ਪਖੰਡ ਨ ਜਾਵਣਾ ॥੧੫॥ (ਵਾਰ ੨੧:੧੫)

ਗੁਰਸਿੱਖ ਭਾਈ ਕਲਿਆਣਾ ਜੀ, ਰਿਆਸਤ ਮੰਡੀ (ਹਿਮਾਚਲ ਪ੍ਰਦੇਸ਼) ਵਿਚ ਅੰਮ੍ਰਿਤਸਰ ਦੀ ਉਸਾਰੀ ਵਾਸਤੇ ਇਮਾਰਤੀ ਲੱਕੜ ਖ਼ਰੀਦਣ ਗਏ ਸਨ। ਦੇਵਨੇਤ ਨਾਲ ਉਨ੍ਹੀਂ ਦਿਨੀਂ ਜਨਮ ਅਸ਼ਟਮੀ ਆ ਗਈ ਸੀ। ਇਸ ਮੌਕੇ 'ਤੇ ਰਾਜੇ (ਹਰੀਸੈਨ) ਵੱਲੋਂ ਢੰਡੋਰਾ ਪਿਟਵਾਇਆ ਗਿਆ, ਕਿ ਜਨਮ ਅਸ਼ਟਮੀ ਦੇ ਪਵਿੱਤਰ ਦਿਹਾੜੇ 'ਤੇ ਰਾਤ ਨੂੰ ਸਾਰੇ ਹਿੰਦੂ ਤੇ ਸਿੱਖ ਵਰਤ ਰੱਖਣ ਅਤੇ ਸਵੇਰੇ ਠਾਕੁਰ ਦੇ ਦਰਸ਼ਨ ਕਰਨ, ਸਾਲਗ੍ਰਾਮ ਦੀ ਪੂਜਨ ਕਰਨ ਤੇ ਚਰਣਾਮ੍ਰਿਤ ਲੈ ਕੇ ਹੀ ਵਰਤ ਖੋਲ੍ਹਣ।ਹੁਕਮ ਦੀ ਉਲੰਘਣਾ ਕਰਨ ਵਾਲੇ ਨੂੰ ਸਖ਼ਤ ਸਜ਼ਾ ਦਿੱਤੀ ਜਾਵੇਗੀ। ਭਾਈ ਕਲਿਆਣਾ ਜੀ ਹੋਰ ਸਿੱਖਾਂ ਵਾਂਗ ਹਿੰਦੂ ਜਾਂ ਮੁਸਲਮਾਨ ਜੋ 'ਸਿੱਖ ਮੱਤਾ ਧਾਰਨ ਕਰ ਚੁੱਕੇ ਸਨ, ਉਨ੍ਹਾਂ ਨੇ ਇਸ ਵਰਤ ਤੇ ਸਰਕਾਰੀ ਹੁਕਮ ਨੂੰ ਟਿੱਚ ਸਮਝਿਆ।

ਜਦੋਂ ਰਾਜੇ ਨੂੰ ਪਤਾ ਲੱਗਾ ਤਾਂ ਉਹ ਕ੍ਰੋਧਿਤ ਹੋਇਆ।ਉਸ ਨੇ ਭਾਈ ਕਲਿਆਣਾ ਜੀ ਨੂੰ ਬੁਲਾ ਕੇ ਵਰਤ ਨਾ ਰੱਖਣ, ਸਾਲਗ੍ਰਾਮ ਦੀ ਪੂਜਾ ਨਾ ਕਰਨ ਤੇ ਇਨ੍ਹਾਂ ਦੇ ਖੰਡਨ ਕਰਨ ਦਾ ਕਾਰਨ ਪੁੱਛਿਆ। ਭਾਈ ਕਲਿਆਣਾ ਜੀ ਨੇ ਦੱਸਿਆ ਕਿ ਗੁਰੂ ਅਰਜਨ ਸਾਹਿਬ ਜੀ ਦਾ ਉਪਦੇਸ਼ ਹੈ-

ਸਗਲੀ ਬੀਤਿ ਪਾਸਿ ਡਾਰਿ ਰਾਖੀ ॥ ਅਸਟਮ ਥੀਤਿ ਗੋਵਿੰਦ ਜਨਮਾ ਸੀ ॥
ਭਰਮਿ ਭੂਲੇ ਨਰ ਕਰਤ ਕਚਰਾਇਣ ॥ਜਨਮ ਮਰਣ ਤੇ ਰਹਤ ਨਾਰਾਇਣ ॥
(ਭੈਰਉ ਮਹਲਾ ੫, ਅੰਗ੧੧੩੬)

ਭਾਵ ਭਰਮ ਵਿਚ ਪਏ ਮਨੁੱਖ ਹੀ ਇਹ ਕੱਚੀ ਗੱਲ ਕਰਦੇ ਹਨ ਕਿ ਪ੍ਰਮਾਤਮਾ ਨੇ ਹੋਰ ਸਭ ਥਿਤਾਂ ਲਾਂਭੇ ਰੱਖ ਕੇ ਭਾਦਰੋਂ ਵਦੀ ਅਸ਼ਟਮੀ ਥਿਤ ਨੂੰ 'ਕ੍ਰਿਸ਼ਨ ਰੂਪ ਵਿਚ ਜਨਮ ਲਿਆ। ਪ੍ਰਮਾਤਮਾ ਤਾਂ ਜੰਮਣ-ਮਰਨ ਤੋਂ ਪਰ੍ਹੇ ਹੈ। ਹਿੰਦੂ ਲੋਕਾਂ ਦਾ ਵਿਸ਼ਵਾਸ ਹੈ ਕਿ ਪ੍ਰਮਾਤਮਾ ਜਨਮ ਅਸ਼ਟਮੀ ਦੇ ਦਿਨ ਕ੍ਰਿਸ਼ਨ ਭਗਵਾਨ ਦੇ ਰੂਪ ਵਿਚ ਸੰਸਾਰ 'ਤੇ ਆਇਆ।ਇਸ ਦਿਨ ਮੰਦਰਾਂ ਵਿਚ ਮੇਲੇ ਲੱਗਦੇ ਹਨ ਤੇ ਰਾਤ ਨੂੰ ਕ੍ਰਿਸ਼ਨ ਦੇ ਜਨਮ ਸਮੇਂ ਕ੍ਰਿਸ਼ਨ ਮੂਰਤੀ ਨੂੰ ਪੰਘੂੜੇ ਵਿਚ ਪਾ ਕੇ ਲੋਰੀ ਦਿੱਤੀ ਜਾਂਦੀ ਹੈ।

ਸਗਲ ਪਰਾਧ ਦੇਹਿ ਲੋਰੋਨੀ ॥ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ ॥
(ਭੈਰਉ ਮਹਲਾ ੫, ਅੰਗ ੧੧੩੬)

ਕ੍ਰਿਸ਼ਨ ਮੂਰਤੀ ਨੂੰ ਲੋਰੀ ਦੇਣੀ ਅਪਰਾਧ ਦਾ ਮੂਲ ਹੈ।ਉਹ ਮੂੰਹ ਸੜ ਜਾਏ, ਜੋ ਆਖੇ ਕਿ ਮਾਲਕ ਪ੍ਰਭੂ ਜੂਨਾਂ ਵਿਚ ਆਉਂਦਾ ਹੈ।

ਇਹ ਸ਼ਬਦ ਸੁਣ ਕੇ ਰਾਜਾ ਬੋਲਿਆ, 'ਗਿਆਨ ਦੇ ਰਾਹ 'ਤੇ ਤੁਸੀਂ ਸੱਚੇ ਹੋ, ਪਰ ਮੇਰਾ ਹੁਕਮ ਨਾ ਮੰਨ ਕੇ ਤੁਸੀਂ ਗੁਨਾਹੀ ਹੋ।' ਇਹ ਸੁਣ ਭਾਈ ਕਲਿਆਣਾ ਜੀ ਕਹਿਣ ਲੱਗੇ, "ਆਪ ਤਾਂ ਪ੍ਰਮਾਤਮਾ ਦੇ ਨਿਯਮਾਂ ਦੀ ਉਲੰਘਣਾ ਕਰ ਰਹੇ ਹੋ, ਕਿਉਂਕਿ ਪ੍ਰਮਾਤਮਾ ਸਭ ਨੂੰ ਰੋਜ਼ੀ ਦੇਂਦਾ ਹੈ, ਪਰ ਤੁਸੀਂ ਵਰਤ ਰਖਾਉਂਦੇ ਹੋ।ਕੀ ਕਿਸੇ ਨੂੰ ਭੁੱਖੇ ਰੱਖਣਾ ਪਾਪ ਨਹੀਂ ? ਗੁਰਮਤਿ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਵਾਪਸੀ ਸਮੇਂ ਭਾਈ ਕਲਿਆਣਾ ਜੀ ਦੇ ਨਾਲ ਰਾਜਾ ਹਰੀਸੈਨ ਅੰਮ੍ਰਿਤਸਰ ਵਿਖੇ ਆ ਕੇ ਗੁਰੂ ਅਰਜਨ ਸਾਹਿਬ ਜੀ ਪਾਸੋਂ ਸਿੱਖੀ ਦੀ ਦਾਤ ਪ੍ਰਾਪਤ ਕਰਕੇ ਵਾਪਸ ਗਿਆ। ਰਾਜੇ ਨੇ ਆਪਣੇ ਰਾਜ ਵਿਚ ਗੁਰਮਤਿ ਪ੍ਰਚਾਰ ਦੁਆਰਾ ਭੋਲੇ-ਭਾਲੇ ਲੋਕਾਂ ਦੇ ਗਲੋਂ ਬਿਪਰਵਾਦੀ ਜੂਲਾ ਲੁਹਾ ਦਿੱਤਾ ਅਤੇ ਵਰਤ ਰੱਖਣ ਵਰਗੇ ਫ਼ੋਕਟ ਕਰਮਾਂ ਦੀ ਦਲਦਲ ਵਿਚ ਡਿੱਗਣੋਂ ਆਪ ਨੂੰ ਤੇ ਉਨ੍ਹਾਂ ਨੂੰ ਬਚਾ ਲਿਆ।

ਅਫ਼ਸੋਸ ਕਿ ਜਿਨ੍ਹਾਂ ਨੇ ਘਰ-ਘਰ ਜਾ ਕੇ ਗੁਰਮਤਿ ਦਾ ਪ੍ਰਚਾਰ ਕਰਨਾ ਸੀ, ਉਨ੍ਹਾਂ ਵਿਚੋਂ ਕੁਝ ਸਿੱਖ ਬੀਬੀਆਂ, ਭੈਣਾਂ ਵੀ ਵਰਤ ਰੱਖਣ ਵਰਗੀ ਆਪ ਸਹੇੜੀ ਬੀਮਾਰੀ ਦਾ ਸ਼ਿਕਾਰ ਬਣ ਰਹੀਆਂ ਹਨ ਅਤੇ ਕਈ ਵੀਰ ਵੀ ਇਸ ਬੀਮਾਰੀ ਤੋਂ ਨਹੀਂ ਬਚ ਸਕੇ।ਵੈਸੇ ਪਿੰਡਾਂ ਨਾਲੋਂ ਸ਼ਹਿਰਾਂ ਵਿਚ ਇਸ ਬੀਮਾਰੀ ਦਾ ਜ਼ਿਆਦਾ ਜ਼ੋਰ ਹੈ। ਚੇਤ ਤੇ ਕੱਤਕ ਮਹੀਨਿਆਂ ਵਿਚ ਇਨ੍ਹਾਂ ਦੀ ਜ਼ਿਆਦਾ ਭਰਮਾਰ ਹੁੰਦੀ ਹੈ।ਕਰਵਾ ਚੌਥ, ਮਹਾਂਲਕਸ਼ਮੀ, ਨਵਰਾਤੇ, ਪੂਰਨਮਾਸ਼ੀ ਆਦਿ ਕਈ ਵਰਤ ਹਨ।ਪਰ ਚੰਦ੍ਰਾਯਣ ਵਰਤ 12 ਮਹੀਨੇ 30 ਦਿਨ ਹੀ ਚੱਲਦਾ ਰਹਿੰਦਾ ਹੈ।ਇਸ ਵਰਤ ਦੀ ਵਿਧੀ ਇਸ ਤਰ੍ਹਾਂ ਹੈ-

'ਚਾਂਦਨੀ ਏਕਮ ਨੂੰ ਤਿੰਨ ਵੇਲੇ ਇਸ਼ਨਾਨ ਕਰਕੇ ਸੰਝ ਸਮੇਂ ਮੋਰ ਦੇ ਆਂਡੇ ਦੇ ਆਕਾਰ ਦਾ ਇਕ ਗ੍ਰਾਸ ਖਾਵੇ, ਦੂਜ ਨੂੰ ਦੋ ਗ੍ਰਾਮ, ਇਸ ਤਰ੍ਹਾਂ ਕਰਮ ਅਨੁਸਾਰ ਇਕ ਗ੍ਰਾਮ ਵਧਾਉਂਦਾ ਹੋਇਆ ਪੂਰਨਮਾਸ਼ੀ ਨੂੰ ਪੰਦਰਾਂ ਗ੍ਰਾਮ ਖਾਵੇ, ਫੇਰ ਅੰਧੇਰੇ ਪੱਖ ਦੀ ਏਕਮ ਨੂੰ ਚੌਦਾਂ, ਦੂਜ ਨੂੰ ਤੇਰਾਂ, ਐਸੇ ਹੀ ਯਥਾਕ੍ਰਮ ਘਟਾਉਂਦਾ ਹੋਇਆ ਅੰਧੇਰੀ ਚੌਦੇਂ ਨੂੰ ਇਕ ਗ੍ਰਾਮ ਖਾਵੇ ਅਤੇ ਅਮਾਵਸ ਦੇ ਦਿਨ ਕੁਝ ਨ ਖਾਵੇ। ਇਹ ਵਰਤ ਦੇ ਹੋਰ ਭੀ ਕਈ ਪ੍ਰਕਾਰ ਧਰਮ ਸ਼ਾਸਤਰਾਂ ਵਿਚ ਲਿਖੇ ਹਨ, ਪਰ ਸਭ ਦਾ ਮੱਤ ਇਕੋ ਹੀ ਹੈ ਕਿ ਚੰਦ੍ਰਮਾ ਦੇ ਵਧਣ ਘਟਣ ਨਾਲ ਗ੍ਰਾਮ ਵਧਾਉਣਾ ਘਟਾਉਣਾ ਹੈ।

(ਮਹਾਨ ਕੋਸ਼ ਪੰਨਾ ੪੬੨)

ਕਈ ਵਰਤ ਤਾਂ ਅਜਿਹੇ ਵੀ ਹਨ, ਜਿਨ੍ਹਾਂ ਵਿਚ ਮੂੰਹ ਵਿਚ ਤੀਲਾ ਪਾਉਣ ਦੀ ਵੀ ਇਜਾਜ਼ਤ ਨਹੀਂ ਹੈ। ਜੋ ਵਰਤ ਰੱਖਣ ਜਾਂ ਰਖਾਉਣ ਦੀ ਗੱਲ ਕਰਦੇ ਹਨ, ਉਨ੍ਹਾਂ ਨੂੰ ਭਗਤ ਕਬੀਰ ਜੀ ਸਮਝਾਉਂਦੇ ਹਨ-

ਛੋਡਹਿ ਅੰਨੁ ਕਰਹਿ ਪਾਖੰਡ ॥ ਨਾ ਸੋਹਾਗਨਿ ਨਾ ਓਹਿ ਰੰਡ ॥ ਜਗ ਮਹਿ ਬਕਤੇ ਦੂਧਾਧਾਰੀ ॥ਗੁਪਤੀ ਖਾਵਹਿ ਵਟਿਕਾ ਸਾਰੀ ॥ਅੰਨੈ ਬਿਨਾ ਨ ਹੋਇ ਸੁਕਾਲੁ ॥ਤਜਿਐ ਅੰਨਿ ਨ ਮਿਲੈ ਗੁਪਾਲੁ ॥ਕਹੁ ਕਬੀਰ ਹਮ ਐਸੇ ਜਾਨਿਆ ॥ਧੰਨੁ ਅਨਾਦਿ ਠਾਕੁਰ ਮਨੁ ਮਾਨਿਆ ॥ (ਗੋਂਡ, ਅੰਗ ੮੭੩)

ਭਾਵ ਜੋ ਲੋਕ ਅੰਨ ਛੱਡ ਦਿੰਦੇ ਹਨ, ਇਹ ਪਾਖੰਡ ਕਰਦੇ ਹਨ, ਉਹ ਉਨ੍ਹਾਂ ਕੁਚੱਜੀਆਂ ਜ਼ਨਾਨੀਆਂ ਵਾਂਗ ਹਨ, ਜੋ ਨਾ ਸੋਹਗਣਾਂ ਹਨ ਤੇ ਨਾ ਰੰਡੀਆਂ ਹਨ। ਅੰਨ ਛੱਡਣ ਵਾਲੇ ਸਾਧੂ ਲੋਕਾਂ ਵਿਚ ਆਖਦੇ ਫਿਰਦੇ ਹਨ, ਅਸੀਂ ਨਿਰਾ ਦੁੱਧ ਪੀ ਕੇ ਹੀ ਨਿਰਬਾਹ ਕਰਦੇ ਹਾਂ, ਪਰ ਚੋਰੀ-ਚੋਰੀ ਸਾਰੀ ਦੀ ਸਾਰੀ ਪਿੰਨੀ ਖਾ ਜਾਂਦੇ ਹਨ।ਅੰਨ ਤੋਂ ਬਿਨਾਂ ਸੁਕਾਲ ਨਹੀਂ ਹੋ ਸਕਦਾ, ਅੰਨ ਛੱਡਿਆਂ ਰੱਬ ਨਹੀਂ ਮਿਲਦਾ। ਕਬੀਰ (ਬੇਸ਼ੱਕ) ਆਖ, ਸਾਨੂੰ ਇਹ ਨਿਸਚਾ ਹੈ ਕਿ ਅੰਨ ਬੜਾ ਸੁੰਦਰ ਪਦਾਰਥ ਹੈ ਜਿਸ ਨੂੰ ਖਾਧਿਆਂ (ਸਿਮਰਨ ਕਰਕੇ) ਸਾਡਾ ਮਨ ਪ੍ਰਮਾਤਮਾ ਨਾਲ ਜੁੜਦਾ ਹੈ।

-ਮਹਾਨ ਕੋਸ਼' ਦੇ ਪੰਨਾ 33-34 ਉੱਪਰ ਭਾਈ ਕਾਨ੍ਹ ਸਿੰਘ ਜੀ ਨਾਭਾ ਲਿਖਦੇ ਹਨ ਕਿ 'ਅਹੋਈ-ਅਹਿਵੰਸ਼ ਵਿਚ ਹੋਣ ਵਾਲੀ ਇਹ ਦੇਵੀ ਜੋ ਕੁਆਰੀ ਕੰਨਿਆ ਦੀ ਪੂਜਯ (ਦੇਵੀ) ਹੈ, ਅੱਸੂ ਦੇ ਨਵਰਾਤਿਆਂ ਵਿਚ ਕੁਆਰੀਆਂ ਲੜਕੀਆਂ ਇਸ ਮਿੱਟੀ ਦੀ ਮੂਰਤੀ ਬਣਾ ਕੇ ਕੰਧ ਉੱਪਰ ਲਾਉਂਦੀਆਂ ਹਨ, ਅਸ਼ਟਮੀ ਦਾ ਵਰਤ ਰੱਖ ਕੇ, ਧੂਪ ਦੀਪ ਨਾਲ ਦੇਵੀ-ਮੂਰਤੀ ਦੀ ਪੂਜਾ ਕਰਦੀਆਂ ਹਨ। ਕੱਤਕ ਦੀ ਚਾਨਣੀ ਏਕਮ ਨੂੰ ਮੂਰਤੀ ਜਲ-ਪ੍ਰਵਾਹ ਕਰ ਦੇਂਦੀਆਂ ਹਨ।

ਭਗਤ ਕਬੀਰ ਜੀ ਫ਼ੁਰਮਾਉਂਦੇ ਹਨ-

ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਅਹੋਈ ਰਾਖੈ ਨਾਰਿ ॥
ਗਦਹੀ ਹੋਇ ਕੈ ਅਉਤਰੈ ਭਾਰੁ ਸਹੈ ਮਨ ਚਾਰਿ ॥
(ਸਲੋਕ, ਭਗਤ ਕਬੀਰ ਜੀ, ਅੰਗ ੧੩੭੦)

ਭਾਵ ਰਾਮ ਨਾਮ ਛੱਡਣ ਦਾ ਇਹ ਨਤੀਜਾ ਹੈ ਕਿ (ਮੂਰਖ) ਇਸਤਰੀ ਸੀਤਲਾ ਦਾ ਵਰਤ ਰੱਖਦੀ ਫਿਰਦੀ ਹੈ। ਤੇ ਜੇ ਭਲਾ ਸੀਤਲਾ (ਦੇਵੀ) ਉਸ ਨਾਲ ਬੜਾ ਹੀ ਪਿਆਰ ਕਰੇਗੀ ਤਾਂ ਉਸ ਨੂੰ ਹਰ ਵੇਲੇ ਆਪਣੇ ਪਾਸ ਰੱਖਣ ਲਈ ਆਪਣੀ ਸਵਾਰੀ ਖੋਤੀ ਬਣਾ ਲਵੇਗੀ ਤੇ ਖੋਤੇ-ਖੋਤੀਆਂ ਵਾਂਗ ਛੁੱਟਾਂ ਦਾ ਚਾਰ ਮਣ ਭਾਰ ਢੋਂਦੀ ਹੈ। ਵੈਸੇ ਵੀ ਜੇ ਮਨ ਨੂੰ ਇਕਾਗਰ ਕਰਨ ਵਾਸਤੇ ਵਰਤ ਰੱਖਣ ਨਾਲ, ਤਪ-ਤਪਣ ਨਾਲ ਤੇ ਮਨ ਦੇ ਫੁਰਨਿਆਂ ਨੂੰ ਬਦੀ ਵਲੋਂ ਰੋਕਣ ਦੇ ਜਤਨ ਨਾਲ ਤਾਂ ਸਰੀਰ ਹੀ ਦੁਖੀ ਹੁੰਦਾ ਹੈ, ਪਰ ਮਨ ਨੂੰ ਕੋਈ ਅਸਰ ਨਹੀਂ ਹੁੰਦਾ, ਨਾ ਹੀ ਕੋਈ ਕਰਮ ਪ੍ਰਮਾਤਮਾ ਦੇ ਨਾਮ-ਸਿਮਰਨ ਦੀ ਬਰਾਬਰੀ ਕਰ ਸਕਦਾ ਹੈ-

ਹਠੁ ਨਿਗ੍ਰਹੁ ਕਰਿ ਕਾਇਆ ਛੀਜੈ ॥ਵਰਤੁ ਤਪਨੁ ਕਰਿ ਮਨੁ ਨਹੀ ਭੀਜੈ ॥ਰਾਮ ਨਾਮ ਸਰਿ ਅਵਰੁ ਨ ਪੂਜੈ ॥
(ਰਾਮਕਲੀ ਮਹਲਾ ੧, ਅੰਗ ੯੦੫)

ਵਰਤ ਰੱਖਣ ਵਰਗਾ ਭਰਮ-ਜਾਲ ਫੈਲਾਉਣਾ ਕਿਸੇ ਸ਼ੈਤਾਨ ਦੀ ਕਾਢ ਹੈ। ਪਹਿਲਾ ਲੜਕੀ ਨੂੰ 'ਵਰ' ਪ੍ਰਾਪਤੀ ਲਈ ਵਰਤ ਰੱਖਣ ਵਾਸਤੇ ਤੇ ਫਿਰ ਪਤੀ ਦੀ ਵੱਡੀ ਉਮਰ ਮੰਗਣ ਵਾਸਤੇ ਕਰਵਾ ਚੌਥ ਵਰਗਾ ਵਰਤ ਰੱਖਣ ਲਈ ਕਿਹਾ ਜਾਂਦਾ ਹੈ। ਇਹ ਵਰਤ ਬੀਬੀਆਂ ਭੈਣਾਂ ਵਿਚ ਹੀਣ-ਭਾਵਨਾ ਬਣਾਈ ਰੱਖਦੇ ਹਨ। ਦੇਖਾ-ਦੇਖੀ ਕਈ ਸਿੱਖ ਬੀਬੀਆਂ ਵੀ ਕਰਵਾ ਚੌਥ ਦਾ ਵਰਤ ਰੱਖਦੀਆਂ ਹਨ। ਕਈ ਬੀਬੀਆਂ ਨੂੰ ਸਹੁਰੇ ਪਰਿਵਾਰ ਵੱਲੋਂ ਵਰਤ ਰੱਖਣ ਲਈ ਮਜਬੂਰ ਕੀਤਾ ਜਾਂਦਾ ਹੈ, ਜਿਵੇਂ ਕਿ ਇਕ ਸਿੱਖ ਬੀਬੀ ਨੇ ਪੁੱਛਣ 'ਤੇ ਦੱਸਿਆ ਕਿ ਮੈਨੂੰ ਪਤਾ ਹੈ ਕਿ ਗੁਰਮਤਿ ਵਰਤ ਰੱਖਣ ਵਰਗੇ ਕਰਮ-ਕਾਂਡਾਂ ਦਾ ਖੰਡਨ ਕਰਦੀ ਹੈ, ਪਰ ਜੇ ਮੈਂ ਕਰਵਾ ਚੌਥ ਨਾ ਰੱਖਾਂ ਤਾਂ ਮੇਰੇ ਘਰ ਵਿਚ ਦਰਾਣੀਆਂ ਜਠਾਣੀਆਂ, ਸੱਸ ਤੇ ਨਣਦ ਕਲੇਸ਼ ਖੜ੍ਹਾ ਕਰ ਦੇਂਦੀਆਂ ਹਨ। ਇਸ ਲਈ ਮੈਂ ਪਤੀ ਦੀ ਮਾਰ ਤੋਂ ਡਰਦੀ ਤੇ ਘਰ ਵਿਚ ਕਲੇਸ਼ ਪੈਦਾ ਹੋਣ ਤੋਂ ਡਰਦੀ ਹੀ ਇਹ ਸਿਆਪਾ ਕਰਦੀ ਹਾਂ।

ਉਸ ਦਿਨ ਇਕ ਬ੍ਰਾਹਮਣੀ, ਕਰਵੇ ਚੌਥ ਨਾਲ ਜੁੜੀ ਇਕ ਰਾਜੇ ਦੀ ਰਾਣੀ 'ਵੀਰੋ ਦੀ ਕਹਾਣੀ ਵਿਸ਼ੇਸ਼ ਕੱਪੜੇ ਪਾਏ ਵਰਤ ਰੱਖਣ ਵਾਲੀਆਂ ਬੀਬੀਆਂ ਭੈਣਾਂ ਨੂੰ ਸੁਣਾਉਂਦੀ ਹੈ ਜੋ ਇਸ ਪ੍ਰਕਾਰ ਹੈ-

ਵੀਰੋ ਸੱਤਾਂ ਭਰਾਵਾਂ ਦੀ ਲਾਡਲੀ ਭੈਣ ਇਕ ਰਾਜੇ ਦੀ ਪਤਨੀ ਹੁੰਦੀ ਹੈ। ਵਰਤ ਵਾਲੇ ਦਿਨ ਉਸ ਦੇ ਭਰਾਵਾਂ ਨੇ ਤਾਂ ਰੋਟੀ ਖਾ ਲਈ, ਪਰ ਉਸ ਨੇ ਨਾ ਖਾਧੀ। ਉਸ ਨੂੰ ਰੋਟੀ ਖਵਾਉਣ ਲਈ ਭਰਾਵਾਂ ਨੇ ਇਕ ਚਾਲ ਚੱਲੀ। ਉਨ੍ਹਾਂ ਬੇਲੇ ਵਿਚ ਅੱਗ ਲਾ ਦਿੱਤੀ ਤੇ ਅੱਗੇ ਕੱਪੜਾ ਤਾਣ ਕੇ ਭੈਣ ਨੂੰ ਕਹਿਣ ਲੱਗੇ ਕਿ ਵੇਖ ਚੰਦਰਮਾ ਚੜ੍ਹ ਪਿਆ ਹੈ। ਉਹ ਚੰਦਰਮਾ ਦੀ ਕਿਤਨੀ ਰੌਸ਼ਨੀ (ਚਾਦਰੇ ਵਾਲੇ ਪਾਸੇ) ਪ੍ਰਤੀਤ ਹੋ ਰਹੀ ਹੈ। ਇਸ ਲਈ ਤੂੰ ਰੋਟੀ ਖਾ ਲੈ।ਵੀਰੋ, ਕੁੜੀ ਨੇ ਰੋਟੀ ਖਾ ਲਈ।ਉਸ ਦਾ ਪਤੀ ਜੋ ਉਸ ਸਮੇਂ ਸ਼ਿਕਾਰ ਖੇਡਣ ਗਿਆ ਹੋਇਆ ਸੀ, ਉਹ ਤੜਫਦਾ-ਤੜਫਦਾ ਮਹਿਲ ਵਿਚ ਵਾਪਸ ਆਇਆ।ਉਸ ਦੇ ਰੋਮ-ਰੋਮ ਵਿਚ ਸੂਈਆਂ ਖੁੱਭੀਆਂ ਹੋਈਆਂ ਸਨ, ਸਿਰ ਵਿਚ ਵੀ।ਵੀਰੋ ਉਸ ਦਾ ਸਿਰ ਆਪਣੇ ਪੱਟਾਂ 'ਤੇ ਰੱਖ ਕੇ ਸੂਈਆਂ ਕੱਢਣ-ਪੁੱਟਣ ਲੱਗੀ ਅਤੇ ਸਾਰਾ ਸਾਲ ਕੱਢਦੀ ਰਹੀ ਤੇ ਉਹ ਸਾਰਾ ਸਾਲ ਬੇਹੋਸ਼ ਪਿਆ ਰਿਹਾ।

ਸਾਲ ਮਗਰੋਂ ਫਿਰ ਕਰਵੇ ਦਾ ਵਰਤ ਆ ਗਿਆ। ਜਦੋਂ ਉਸ ਦੇ ਪਤੀ (ਰਾਜੇ) ਦੇ ਸਿਰ ਵਿਚ ਇਕ ਸੂਈ ਰਹਿ ਗਈ ਤਾਂ ਬਾਹਰੋਂ ਕਰਵੇ ਵੇਚਣ ਵਾਲੇ ਦੀ ਅਵਾਜ਼ ਸੁਣ ਕੇ ਵੀਰੋ ਆਪਣੀ ਗੋਲੀ ਨੂੰ ਸੂਈ ਕੱਢਣ ਵਾਸਤੇ ਕਹਿ ਕੇ ਆਪ ਕਰਵਾ ਖ਼ਰੀਦਣ ਚਲੀ ਗਈ। (ਕਰਵਾ ਮਿੱਟੀ ਦੇ ਕੁੱਜੇ ਦੀ ਸ਼ਕਲ ਦਾ ਹੁੰਦਾ ਹੈ) ਜਦੋਂ ਗੋਲੀ ਨੇ ਰਾਜੇ ਦੇ ਸਿਰ ਵਿਚੋਂ ਆਖ਼ਰੀ ਸੂਈ ਕੱਢੀ ਤਾਂ ਉਹ ਇਕ ਸਾਲ ਤੋਂ ਬੇਹੋਸ਼ ਰਾਮ ਰਾਮ ਕਰਦਾ ਉੱਠ ਬੈਠਾ।ਉਸ ਦਿਨ ਤੋਂ ਰਾਜਾ ਗੋਲੀ ਨੂੰ ਰਾਣੀ ਤੇ ਰਾਣੀ ਨੂੰ ਗੋਲੀ ਸਮਝਣ ਲੱਗ ਪਿਆ।ਏਨੀ ਅੱਧੀ ਕਹਾਣੀ ਸੁਣ ਕੇ ਬ੍ਰਾਹਮਣੀ ਦੇ ਦੁਆਲੇ ਗੋਲ ਚੱਕਰ ਵਿਚ ਬੈਠੀਆਂ ਵਰਤ ਰੱਖਣ ਵਾਲੀਆਂ ਵਿਚ ਬ੍ਰਾਹਮਣੀ ਬਾਲੀ ਫੇਰਦੀ ਹੈ ਤੇ ਸਾਰੀਆਂ ਸੋਹਾਗਣ ਤੀਵੀਆਂ ਆਪੋ ਆਪਣੇ ਸਿਰ ਚੁੰਨੀ ਨਾਲ ਘੁੱਟ-ਬੰਨ੍ਹ ਲੈਂਦੀਆਂ ਹਨ ਤੇ ਬ੍ਰਾਹਮਣੀ ਅੱਗੋਂ ਕਹਾਣੀ ਸ਼ੁਰੂ ਕਰਦੀ ਹੈ

ਲੈ ਵੀਰੋ ਕੁੜੀਏ।ਲੈ ਸਰਬ ਸੁਹਾਗਣ ਕਰਵੜਾ।
ਲੈ ਭਾਈਆਂ ਦੀ ਭੈਣ ਕਰਵੜਾ।
ਕੱਤੀਂ ਨਾ ਅਟੇਰੀ ਨਾ।ਘੁੰਮ ਚਰਖੜਾ ਫੇਰੀ ਨਾ।
ਵਾਹਣ ਪੈਰ ਪਾਈਂ ਨਾ।ਸੁੱਤੇ ਨੂੰ ਜਗਾਈਂ ਨਾ।
ਰੁੱਸੇ ਨੂੰ ਮਨਾਈਂ ਨਾ।
ਕਰਵੜਾ ਵਟਾਇਆ।ਜਵੰਦਾ ਝੋਲੀ ਪਾਇਆ।

ਰਾਜਾ ਜਦ ਬਾਹਰ ਗਿਆ ਤਾਂ ਰਾਣੀ ਦੀ ਮੰਗ ਅਨੁਸਾਰ ਉਸ ਲਈ ਹਾਰ-ਸ਼ਿੰਗਾਰ ਦਾ ਸਮਾਨ ਤੇ 'ਗੋਲੀ' ਦੀ ਮੰਗ ਅਨੁਸਾਰ ਉਸ ਲਈ ਪੱਟ-ਗੁੱਡੀਆਂ (ਗੁੱਡੀਆਂ-ਪਟੋਲੇ)। ਰਾਜਾ ਰਾਣੀ ਆਪਣੇ ਕਮਰੇ ਵਿਚ ਹੁੰਦੇ, ਗੋਲੀ ਭਾਵ ਵੀਰੋ ਗੁੱਡੀਆਂ ਨਾਲ ਗੱਲਾਂ ਕਰਦੀ। 'ਸੁਣੋ ਨੀ ਭੈਣੋਂ ਗੁੱਡੜੀਓ ! ਰਾਣੀ ਸੀ ਜੋ ਗੋਲੀ ਹੋਈ, ਗੋਲੀ ਸੀ ਜੋ ਰਾਣੀ ਹੋਈ।' ਕਈ ਵਾਰ ਇਸ ਤਰ੍ਹਾਂ ਕਹਿੰਦੀ।

ਇਕ ਦਿਨ ਰਾਜੇ ਨੇ ਗੋਲੀ (ਜੋ ਅਸਲ ਵਿਚ ਰਾਣੀ ਸੀ) ਤੋਂ ਪੁੱਛ ਲਿਆ ਕਿ ਤੂੰ ਇਹ ਕੀ ਪੜ੍ਹਦੀ-ਗਾਉਂਦੀ ਏਂ ? ਗੋਲੀ (ਵੀਰੋ) ਨੇ ਸਾਰੀ ਕਹਾਣੀ ਸੁਣਾਈ, ਜਿਸ ਨੂੰ ਸੁਣ ਕੇ ਰਾਜੇ ਨੇ ਮੁੜ ਉਸ ਨੂੰ ਆਪਣੀ ਰਾਣੀ ਬਣਾ ਲਿਆ। ਵਰਤ ਰੱਖਣ ਵਾਲੀਆਂ ਬੀਬੀਆਂ ਭੈਣਾਂ ਇਸ ਮਨਘੜਤ ਕਹਾਣੀ ਨੂੰ ਬੜੇ ਮਜ਼ੇ ਨਾਲ ਸੁਣਦੀਆਂ ਹਨ। ਕੋਈ ਵੀ ਬੀਬੀ ਭੈਣ ਬ੍ਰਾਹਮਣੀ ਨੂੰ ਇਹ ਪੁੱਛਣਾ ਜ਼ਰੂਰੀ ਨਹੀਂ ਸਮਝਦੀ ਕਿ ਵੀਰੋ ਕੁੜੀ ਦੇ ਪੇਕੇ ਕਿੱਥੇ ਸਨ ਤੇ ਉਹ ਕਿੱਥੋਂ ਦੇ ਰਾਜੇ ਦੀ ਰਾਣੀ ਸੀ ?(ਪਿਤਾ ਤੇ ਪਤੀ ਦਾ ਨਾਮ ਜਾਣਨਾ ਵੀ ਜ਼ਰੂਰੀ ਹੈ) ਕੀ ਬੇਲੇ ਵਿਚ ਲੱਗੀ ਅੱਗ ਚੰਦਰਮਾ ਦਾ ਭੁਲੇਖਾ ਪਾ ਸਕਦੀ ਹੈ ?ਕਦੇ ਵੀ ਨਹੀਂ ! ਵੀਰੋ ਕੁੜੀ ਦੇ ਪਤੀ ਦੇ ਰੋਮ ਰੋਮ ਵਿਚ ਸੂਹੀਆਂ ਚੁਭਾਉਣ ਵਾਲਾ ਕੌਣ ਸੀ ? ਸਰੀਰ ਵਿਚ ਵੱਜੀ ਸੂਈ ਮਾਸ ਵਿਚ ਅੱਗੇ ਤੁਰ ਜਾਂਦੀ ਹੈ।ਕੀ ਰੋਮ-ਰੋਮ ਵਿਚ ਵੱਜੀਆਂ ਸੂਈਆਂ ਅੱਗੇ ਨਾ ਤੁਰੀਆਂ ?ਕੀ ਉਸ ਸਮੇਂ ਕੋਈ ਵੈਦ ਹਕੀਮ ਨਹੀਂ ਸੀ ?ਜਾਂ ਵੀਰੋ ਕੁੜੀ ਖ਼ੁਦ ਵੈਦ-ਡਾਕਟਰ ਸੀ ਜੋ ਆਪਣੇ ਪਤੀ ਦੇ ਸਰੀਰ ਵਿਚੋਂ ਆਪ ਹੀ ਸੂਈਆਂ ਪੁੱਟਦੀ ਰਹੀ ?ਰਾਜੇ ਦੇ ਮਾਂ ਪਿਉ ਭੈਣ-ਭਰਾਵਾਂ ਜਾਂ ਵੀਰੋ ਦੇ ਪੇਕਿਆਂ-ਭਰਾਵਾਂ ਨੇ ਰਾਜੇ ਦੇ ਸਰੀਰ ਵਿਚੋਂ ਸੂਈਆਂ ਪੁੱਟਣ ਵਾਸਤੇ ਵੀਰੋ ਨਾਲ ਹੱਥ ਕਿਉਂ ਨਾ ਵਟਾਇਆ ?ਰੋਮ-ਰੋਮ ਵਿਚ ਸੂਈਆਂ ਚੁੱਭਣ ਕਰਕੇ ਰਾਜੇ ਨੂੰ ਲੋਹ ਵਿਸ ਨਾ ਹੋਈ। ਸਾਰਾ ਸਾਲ ਪਤੀ ਦਾ ਸਿਰ ਪੱਟਾਂ 'ਤੇ ਰੱਖ ਕੇ ਸੂਈਆਂ ਪੁੱਟਣ ਵਾਲੀ ਪਤਨੀ ਅਖੀਰਲੀ ਇਕ ਸੂਈ ਵਿਚੇ ਛੱਡ ਕੇ ਕਰਵਾ ਖ਼ਰੀਦਣ ਚਲੇ ਗਈ।ਕੀ ਵੀਰੋ ਨੂੰ ਜ਼ਿਆਦਾ ਪਤੀ ਦੀ ਲੋੜ ਸੀ ਜਾਂ ਕਰਵੇ ਦੀ ? ਗੋਲੀ ਨੇ ਕਿਉਂ ਨਾ ਰਾਜੇ ਨੂੰ ਦੱਸਿਆ ਕਿ ਮੈਂ ਤੇਰੀ 'ਰਾਣੀ' ਨਹੀਂ ?ਕੋਈ ਔਰਤ ਆਪਣੇ ਪਤੀ ਨਾਲ ਕਿਸੇ ਦੂਜੀ ਔਰਤ ਦੇ ਨਜਾਇਜ਼ ਸੰਬੰਧਾਂ ਨੂੰ ਬਰਦਾਸ਼ਤ ਨਹੀਂ ਕਰਦੀ, ਫਿਰ ਵੀਰੋ ਦੇ ਚੁੱਪ ਰਹਿਣ ਵਿਚ ਕੀ ਰਾਜ਼ ਸੀ ? ਰਾਜੇ ਦੇ ਮਾਂ-ਪਿਉ ਤੇ ਵੀਰੋ ਦੇ ਪੇਕੇ-ਭਰਾਵਾਂ ਨੇ ਵੀ ਰਾਜੇ ਨੂੰ ਅਸਲੀਅਤ ਕਿਉਂ ਨਾ ਦੱਸੀ ?

ਕਰਵਾ ਚੌਥ ਵਾਲੇ ਦਿਨ ਵਰਤ ਰੱਖਣ ਵਾਲੀ ਨੂੰ ਹੱਥ 'ਤੇ ਹੱਥ ਧਰ ਕੇ (ਵਿਹਲੀ) ਬੈਠਣ ਦੀ ਸਿੱਖਿਆ ਦਿੱਤੀ ਜਾਂਦੀ ਹੈ।ਉਸ ਨੂੰ ਸੁੱਤੇ ਹੋਏ ਪਤੀ ਨੂੰ ਨਾ ਜਗਾਉਣ ਦੀ ਤੇ ਰੁੱਸੇ ਪਤੀ ਨੂੰ ਨਾ ਮਨਾਉਣ ਦੀ ਸਿੱਖਿਆ ਦੇਣੀ ਕਿੱਥੋਂ ਤੱਕ ਉਚਿਤ ਹੈ ?ਅਗਰ ਵਰਤ ਰੱਖਣ ਵਾਲੀ ਬੀਬੀ ਉਮਰ ਦੀ ਵਡੇਰੀ ਹੋਵੇ, ਬੱਚੇ ਵੀ 10-12 ਹੋਣ ਤਾਂ ਕੀ ਉਸ ਨੂੰ ਬ੍ਰਾਹਮਣੀ ਵੱਲੋਂ "ਜਵੰਦਾ ਝੋਲੀ ਪਾਇਆ" ਦੀ ਅਸੀਸ ਦੇਣੀ ਠੀਕ ਹੈ ?

ਇਕਾਦਸ਼ੀ ਦਾ ਵਰਤ ਅਰਥਾਤ ਗਿਆਰਵੀਂ ਥਿਤ ਦਾ ਵਰਤ, ਜਿਸ ਨੂੰ ਅੰਧ-ਵਿਸ਼ਵਾਸੀ ਇਸਤਰੀ-ਮਰਦ ਸ਼ਰਧਾ ਨਾਲ ਰੱਖਦੇ ਹਨ ਅਤੇ ਸਾਰਾ ਦਿਨ ਅੰਨ ਨਹੀਂ ਖਾਂਦੇ।ਗੁਰੂ ਅਰਜਨ ਸਾਹਿਬ ਜੀ ਉਪਦੇਸ਼ ਦੇਂਦੇ ਹਨ-

ਏਕਾਦਸੀ ਨਿਕਟਿ ਪੇਖਹੁ ਹਰਿ ਰਾਮੁ ॥ ਇੰਦ੍ਰੀ ਬਸਿ ਕਰਿ ਸੁਣਹੁ ਹਰਿ ਨਾਮੁ ॥ ਮਨਿ ਸੰਤੋਖੁ ਸਰਬ ਜੀਅ ਦਇਆ ॥ਇਨ ਬਿਧਿ ਬਰਤੁ ਸੰਪੂਰਨ ਭਇਆ ॥
(ਥਿਤੀ ਗਉੜੀ ਮਹਲਾ ੫, ਅੰਗ ੨੯੯)

ਭਾਵ ਪ੍ਰਮਾਤਮਾ ਨੂੰ ਆਪਣੇ ਨੇੜੇ ਵੱਸਦਾ ਵੇਖੋ, ਆਪਣੇ ਇੰਦਿਆਂ ਨੂੰ ਕਾਬੂ ਵਿਚ ਰੱਖ ਕੇ ਪ੍ਰਮਾਤਮਾ ਦਾ ਨਾਮ ਸੁਣਿਆ ਕਰੋ। ਮਨ ਵਿਚ ਸੰਤੋਖ ਧਾਰ ਕੇ ਸਭ ਜੀਵਾਂ 'ਤੇ ਦਇਆ ਕਰਨ ਨਾਲ ਇਹ ਇਕਾਦਸ਼ੀ ਦਾ ਵਰਤ ਕਾਮਯਾਬ ਹੋ ਜਾਂਦਾ ਹੈ, ਭੁੱਖੇ ਰਹਿਣ ਨਾਲ ਨਹੀਂ।ਭਾਈ ਗੁਰਦਾਸ ਜੀ ਫ਼ੁਰਮਾਉਂਦੇ ਹਨ-

ਇਕ ਮਨਿ ਹੋਇ ਇਕਾਦਸੀ ਗੁਰਮੁਖਿ ਵਰਤੁ ਪਤਿਬ੍ਰਤਿ ਭਾਇਆ ॥(ਵਾਰ ੭:੧੧)

ਭਾਵ ਮਨ ਨਾਲ ਪ੍ਰਭੂ-ਪਤੀ ਦੀ ਭਗਤੀ ਵਿਚ ਪਿਆਰ ਪਾਉਣਾ ਹੀ ਗੁਰਮੁਖਾਂ ਲਈ ਇਕਾਦਸ਼ੀ ਦਾ ਵਰਤ ਹੈ

ਨਉਮੀ ਨੇਮੁ ਸਚੁ ਜੇ ਕਰੈ ॥ਕਾਮ ਕ੍ਰੋਧੁ ਤ੍ਰਿਸਨਾ ਉਚਰੈ ॥ਦਸਮੀ ਦਸੇ ਦੁਆਰ ਜੇ ਠਾਕੈ ਏਕਾਦਸੀ ਏਕੁ ਕਰਿ ਜਾਣੈ ॥ਦੁਆਦਸੀ ਪੰਚ ਵਸਗਤਿ ਕਰਿ ਰਾਖੈ ਤਉ ਨਾਨਕ ਮਨੁ ਮਾਨੈ ॥ਐਸਾ ਵਰਤੁ ਰਹੀਜੈ ਪਾਡੇ ਹੋਰ ਬਹੁਤੁ ਸਿਖ ਕਿਆ ਦੀਜੈ ॥
(ਵਾਰ ਸਾਰੰਗ ੪, ਸਲੋਕ ਮ: ੩, ਅੰਗ ੧੨੪੫)

ਭਾਵ ਜੇ ਮਨੁੱਖ ਸੱਚ ਧਾਰਨ ਦੇ ਨੇਮ ਨੂੰ 'ਨਉਮੀ' ਦਾ ਵਰਤ ਬਣਾਏ। ਕਾਮ, ਕ੍ਰੋਧ ਤੇ ਲਾਲਚ ਨੂੰ ਚੰਗੀ ਤਰ੍ਹਾਂ ਦੂਰ ਕਰ ਲਏ। ਜੇ ਦਸ ਇੰਦ੍ਰਿਆਂ ਨੂੰ ਵਿਕਾਰਾਂ ਵੱਲੋਂ ਦੂਰ ਰੱਖੇ, ਇਸ ਉੱਦਮ ਨੂੰ 'ਦਸਮੀ' ਦਾ ਵਰਤ ਬਣਾਏ। ਇਕ ਪ੍ਰਮਾਤਮਾ ਨੂੰ ਹਰ ਥਾਂ ਵਿਆਪਕ ਸਮਝੇ। ਇਹ ਉਸ ਦਾ ਇਕਾਦਸ਼ੀ ਦਾ ਵਰਤ ਹੋਵੇ। ਪੰਜ ਕਾਮਾਦਿਕਾਂ ਨੂੰ ਕਾਬੂ ਰੱਖੇ, ਜੇਕਰ ਇਹ ਉਸ ਦਾ 'ਦੁਆਦਸ਼ੀ' ਦਾ ਵਰਤ ਬਣੇ ਤਾਂ ਮਨੁੱਖ ਦਾ ਮਨ ਪਤੀਜ ਜਾਂਦਾ ਹੈ।ਹੇ ਪੰਡਿਤ ! ਜੇ ਇਹੋ ਜਿਹਾ ਵਰਤ ਨਿਭਾ ਸਕੀਏ ਤਾਂ ਕਿਸੇ ਹੋਰ ਸਿੱਖਿਆ ਦੀ ਲੋੜ ਨਹੀਂ ਪੈਂਦੀ।

ਸਾਡੇ ਇਲਾਕੇ ਵਿਚ ਮੰਨੇ-ਪ੍ਰਮੰਨੇ ਜਾਣ ਵਾਲੇ ਪੰਡਿਤ ਕੋਲੋਂ ਵਰਤਾਂ ਦੀ ਜਾਣਕਾਰੀ ਲੈਣ ਵਾਸਤੇ ਸੰਪਰਕ ਕੀਤਾ ਗਿਆ ਤੇ ਉਸ ਨੂੰ ਪੁੱਛਿਆ ਗਿਆ ਕਿ, 'ਸਾਨੂੰ ਦੱਸੋ ਕਿ ਕਿਸ ਇਤਿਹਾਸ-ਮਿਥਿਹਾਸ ਵਿਚ ਲਿਖਿਆ ਮਿਲਦਾ ਹੈ ਕਿ ਕੋਈ ਵੀ ਪਹਿਲਾ ਵਰਤ ਕਦੋਂ ਤੇ ਕਿਸ ਨੇ ਰੱਖਿਆ ਸੀ ? ਉਸ ਨੇ ਦੱਸਿਆ ਕਿ 'ਅੱਜ ਤੱਕ ਮੈਂ ਕਾਫ਼ੀ ਪੜ੍ਹ ਚੁੱਕਿਆ ਹਾਂ, ਪਰ ਇਹ ਜਾਣਕਾਰੀ ਅਜੇ ਤਕ ਨਹੀਂ ਮਿਲੀ।' ਅੱਜ ਤੱਕ ਜੋ ਮਾਈ ਭਾਈ ਬੀਬੀਆਂ-ਭੈਣਾਂ ਅਨਪੜ੍ਹਤਾ ਜਾਂ ਅਗਿਆਨਤਾ ਦੇ ਚੁੰਗਲ ਵਿਚ ਫਸ ਕੇ, ਕਿਸੇ ਨਾ ਕਿਸੇ 'ਫਲ' ਦੀ ਪ੍ਰਾਪਤੀ ਦੀ ਆਸ ਨਾਲ ਵਰਤ ਰੱਖਦੇ ਆ ਰਹੇ ਹਨ, ਓਨੀ ਦੇਰ ਤੱਕ ਉਨ੍ਹਾਂ ਦਾ ਕਰਮ-ਕਾਂਡਾਂ ਰੂਪੀ ਭਰਮ ਜਾਲ ਤੋਂ ਛੁਟਕਾਰਾ ਨਹੀਂ ਹੋ ਸਕਦਾ, ਜਿੰਨੀ ਦੇਰ ਤੱਕ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਨੂੰ ਮੰਨ ਕੇ ਆਪਣੇ ਹਿਰਦੇ ਅੰਦਰ ਗੁਰਮਤਿ ਦਾ ਪ੍ਰਕਾਸ਼ ਨਹੀਂ ਕਰਦੇ।

ਲਖ ਜਪ ਤਪ ਲਖ ਸੰਜਮਾਂ ਹੋਮ ਜਗ ਲਿਖ ਵਰਤ ਕਰੰਦੇ।
.....ਗੁਰੁ ਸਿਖੀ ਸੁਖੁ ਤਿਲੁ ਨ ਲਹੰਦੇ ॥੧੮॥
(ਵਾਰ ੨੮:੧੮)

ਭਾਵ ਲੱਖਾਂ ਜਪੀਏ, ਲੱਖਾਂ ਹੀ ਤਪੀਏ ਹਨ, ਲੱਖਾਂ ਹੀ ਸੰਜਮ, ਲੱਖਾਂ ਹੀ ਵਰਤ ਰੱਖਦੇ ਹਨ, ਪਰ ਇਹ ਸਾਰੇ ਅਡੰਬਰ ਗੁਰਸਿੱਖੀ ਦਾ 'ਫਲਾ ਦੇ ਇਕ ਤਿਲ-ਮਾਤਰ ਵੀ ਅਨੰਦ ਪ੍ਰਾਪਤ ਨਹੀਂ ਕਰ ਸਕਦੇ। ਸੋ ਆਓ, ਗੁਰੂ ਪਿਆਰ ਵਾਲਿਓ ! ਗੁਰਮਤਿ ਦੇ ਮਾਰਗ 'ਤੇ ਚੱਲਦਿਆਂ ਹੋਇਆਂ ਬਿਪਰਵਾਦੀ ਕਰਮ-ਕਾਂਡਾਂ ਦੇ ਜੂਲੇ ਨੂੰ ਆਪਣੇ ਗਲੋਂ ਲਾਹ ਕੇ ਦੂਰ ਸੁੱਟਣ ਦਾ ਪ੍ਰਣ ਕਰੀਏ।ਗੁਰੂ ਭਲੀ ਕਰੇਗਾ !

ਗਿਆਨੀ ਨਿਸ਼ਾਨ ਸਿੰਘ ਗੰਡੀਵਿੰਡ

# ਖ਼ਾਲਸਾ ਅਖ਼ਬਾਰ

ਗਿਆਨੀ ਦਿੱਤ ਸਿੰਘ ਜੀ ਦਾ ਪੰਜਾਬੀ ਪੱਤਰਕਾਰੀ ਨਾਲ ਬਹੁਤ ਗੂੜਾ ਸਬੰਧ ਰਿਹਾ ਤੇ ਖ਼ਾਲਸਾ ਅਖ਼ਬਾਰ (ਸਪਤਾਹਿਕ) ਜੋ ੧੩ ਜੂਨ ੧੮੯੬ ਈ. ਨੂੰ ਸ਼ੁਰੂ ਹੋਇਆ ਸੀ, ਇਹ ਸਿੰਘ ਸਭਾ ਲਾਹੌਰ ਨੇ ਆਪਣੇ ਉਦੇਸ਼ਾਂ ਤੇ ਪ੍ਰਚਾਰ ਨੂੰ ਮੁੱਖ ਰੱਖ ਕੇ ਸ਼ੁਰੂ ਕੀਤਾ ਸੀ। ਫਿਰ ੧੦ ਜੁਲਾਈ ੧੮੯੬ ਈ. ਤੋਂ ਖ਼ਾਲਸਾ ਅਖ਼ਬਾਰ ਦਾ ਨਾਮ 'ਖ਼ਾਲਸਾ ਅਖ਼ਬਾਰ ਲਾਹੌਰ ਲਿਖਣਾ ਸ਼ੁਰੂ ਹੋਇਆ। ਖ਼ਾਲਸਾ ਅਖਬਾਰ ਦੇ ਉਸ ਸਮੇਂ ਛਪੇ ਸੰਪਾਦਕੀ ਲੇਖਾਂ ਤੋਂ ਮਹਿਸੂਸ ਹੁੰਦਾ ਹੈ ਕਿ ਇਸ ਸਮੇਂ ਤੋਂ ਹੀ ਗਿਆਨੀ ਦਿੱਤ ਸਿੰਘ ਜੀ ਨੇ ਬਤੌਰ ਸੰਪਾਦਕ ਜ਼ਿੰਮੇਵਾਰੀ ਸੰਭਾਲ ਲਈ ਸੀ। ਫਿਰ ਅਕਤੂਬਰ ੧੮੯੯ ਤੋਂ ਬਾਅਦ ਇਸ ਅਖ਼ਬਾਰ ਦਾ ਕੋਈ ਵੀ ਅੰਕ ਪੜ੍ਹਨ ਨੂੰ ਨਹੀਂ ਮਿਲਿਆ ਤੇ ਕੁਝ ਸਮੇ ਲਈ ਇਹ ਅਖ਼ਬਾਰ ਛਪਣਾ ਬੰਦ ਹੋ ਗਿਆ ਸੀ। ਫਿਰ ੧ ਮਈ ੧੮੯੩ ਈ. ਤੋਂ ਲੈ ਕੇ ੨੩ ਅਗਸਤ ੧੯੦੧ ਈ. ਤੱਕ 'ਖ਼ਾਲਸਾ ਅਖ਼ਬਾਰ ਲਾਹੌਰ ਗਿਆਨੀ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ। ਪਹਿਲਾਂ ਇਹ ੮ ਪੰਨਿਆਂ ਦਾ ਸੀ ਪਰ ਜਨਵਰੀ ੧੮੯੮ ਤੋਂ ੧੨ ਪੰਨਿਆਂ ਦਾ ਛਪਣਾ ਸ਼ੁਰੂ ਹੋਇਆ। ੩੦ ਅਗਸਤ ੧੯੦੧ ਨੂੰ ਗਿਆਨੀ ਜੀ ਦੀ ਸਿਹਤ ਵਧੇਰੇ ਖ਼ਰਾਬ ਹੋਣ ਕਰਕੇ ਭਾਈ ਮੱਯਾ ਸਿੰਘ ਜੀ ਨੇ ਸੰਪਾਦਕੀ ਲਿਖੀ ਹੈ। ਫਿਰ ੬ ਸਤੰਬਰ ੧੯੦੧ ਨੂੰ ਦਿਨ ਦੇ ਸਾਢੇ ਦਸ ਵਜੇ ਗਿਆਨੀ ਜੀ ਅਕਾਲ ਚਲਾਣਾ ਕਰ ਗਏ। ਖ਼ਾਲਸਾ ਅਖ਼ਬਾਰ ਲਾਹੌਰ ਨੂੰ ਜਿਸ ਸਫ਼ਲਤਾ ਤੇ ਚੜ੍ਹਦੀ ਕਲਾ ਨਾਲ ਗਿਆਨੀ ਜੀ ਨੇ ਚਲਾਇਆ,ਇਹ ਸਿੱਖ ਪੱਤਰਕਾਰੀ ਨੂੰ ਉਹਨਾਂ ਦੀ ਮਹਾਨ ਦੇਣ ਕਹੀ ਜਾ ਸਕਦੀ ਹੈ। ਇਸ ਅਖ਼ਬਾਰ ਨੇ ਸਿੱਖ ਪੰਥ ਵਿਚ ਪੁਨਰ ਜਾਗ੍ਰਿਤੀ ਲਿਆਉਣ ਅਹਿਮ ਭੂਮਿਕਾ ਨਿਭਾਈ ਹੈ। ਬਾਅਦ ਵਿਚ ਇਹ ਅਖ਼ਬਾਰ ੧੯੦੫ ਈ. ਤੱਕ ਭਾਈ ਮੱਯਾ ਸਿੰਘ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ ਅਤੇ ਬਾਅਦ ਵਿਚ ਸਮੇਂ ਦੇ ਗੇੜ ਵਿਚ ਚਲਦਾ ਹੋਇਆ ਬੰਦ ਹੋ ਗਿਆ।

ਅਸੀਂ ਆਪਣੇ ਉਨ੍ਹਾਂ ਪੁਰਖਿਆਂ ਦੇ ਪਾਏ ਪੂਰਨਿਆਂ 'ਤੇ ਚਲਦੇ ਹੋਏ ਮੁੜ ਕੋਸ਼ਿਸ਼ ਕਰ ਕੇ 'ਖ਼ਾਲਸਾ ਅਖ਼ਬਾਰ' ਨੂੰ ਦੁਬਾਰਾ ਪ੍ਰਕਾਸ਼ਿਤ ਕਰ ਕੇ ਪਾਠਕਾਂ ਦੀ ਖੁਸ਼ੀ ਲੈ ਰਹੇ ਹਾਂ। ਇਸ ਵਿਚ ਸਿੱਖ ਰਹਿਤ ਮਰਯਾਦਾ, ਸਿੱਖ ਇਤਿਹਾਸ, ਸਿੱਖ ਸਿਧਾਂਤਾਂ, ਸਿੱਖ ਸਰਗਰਮੀਆਂ ਨਾਲ ਸੰਬੰਧਿਤ ਪੰਥ ਦੇ ਉੱਘੇ ਵਿਦਵਾਨਾਂ, ਦਾਰਸ਼ਨਿਕਾਂ ਤੇ ਚਿੰਤਕਾਂ ਆਦਿ ਦੇ ਲੇਖ ਪੜ੍ਹਨ ਨੂੰ ਮਿਲਣਗੇ।





## ਇੱਕ ਕੋਸ਼ਿਸ਼

ਸਾਡੇ ਪੁਰਾਤਨ ਅਖ਼ਬਾਰ ਨੂੰ ਮੁੜ ਤੋਂ ਸੁਰਜੀਤ ਕਰਨ ਦੀ

ਪੁਰਖਿਆਂ ਦੀ ਪੈੜ 'ਚ ਪੈਰ ਧਰਦਾ
'ਖ਼ਾਲਸਾ ਅਖ਼ਬਾਰ'

**ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ !**

+44 74913 74913
www.khalsaakhbaar.com
editor@khalsaakhbaar.com
@khalsaakhbaar